1984 ਦੇ ਘੱਲੂਘਾਰੇ ਤੋਂ ਬਾਅਦ ਇੱਕ ਗਿਣੀ-ਮਿਥੀ ਸਾਜ਼ਿਸ਼ ਅਧੀਨ ਦੇਸ਼-ਵਿਦੇਸ਼ ਵਿਚ ਬੈਠੇ ਕੁੱਝ ਲੇਖਕਾਂ ਅਤੇ ਪ੍ਰਚਾਰਕਾਂ ਵੱਲੋਂ ਮਹਾਨ ਸਿੱਖ ਸੰਪਰਦਾਵਾਂ, ਮਰਿਆਦਾ, ਸਿਖ ਅਰਦਾਸ, ਖੰਡੇ-ਬਾਟੇ ਦਾ ਅੰਮ੍ਰਿਤ, ਨਿੱਤਨੇਮ, ਅੰਮ੍ਰਿਤ ਵੇਲਾ, ਅੰਮ੍ਰਿਤ ਸੰਚਾਰ ਦੀਆਂ ਬਾਣੀਆਂ, ਸਰੋਵਰ, ਮੀਰੀ-ਪੀਰੀ ਦਾ ਸਿਧਾਂਤ ਅਤੇ ਸਿੱਖ ਇਤਿਹਾਸ ਉੱਪਰ ਬੇਲੋੜਾ ਵਾਦ-ਵਿਵਾਦ ਪੈਦਾ ਕੀਤਾ ਜਾ ਰਿਹਾ ਹੈ। ਇਹ ਲੋਕ ਵੱਡੀ ਸਾਜ਼ਿਸ਼ ਦੇ ਤਹਿਤ ਪੰਥ ਵਿਚ ਦੁਬਿਧਾ ਪਾ ਕੇ ਵੰਡੀਆਂ ਪਾ ਰਹੇ ਹਨ ਅਤੇ ਇਸ ਨਿਰਮਲ ਪੰਥ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ਜਿਸ ਦਾ ਸਿੱਧਾ ਲਾਭ ਪੰਥ ਵਿਰੋਧੀ ਤਾਕਤਾਂ ਨੂੰ ਜਾ ਰਿਹਾ ਹੈ ਅਤੇ ਉਹ ਦਿਨੋ-ਦਿਨ ਸਿੱਖ ਪੰਥ ਉੱਪਰ ਭਾਰੂ ਹੋਣ ਦੀ ਕੋਸ਼ਿਸ਼ਾਂ 'ਚ ਲਗੇ ਹਨ।

ਸੱਤ ਵਰ੍ਹੇ ਪਹਿਲਾਂ ਇੰਗਲੈਂਡ ਦੇ ਗੁਰਦੁਆਰਾ ਸਾਊਥ ਹਾਲ ਵਿਖੇ ਸੰਗਤਾਂ ਦੇ ਰੋਹ ਦਾ ਸ਼ਿਕਾਰ ਹੋਏ ਅਖੌਤੀ ਪ੍ਰਚਾਰਕ ਅਮਰੀਕ ਸਿਓ ਚੰਡੀਗੜ੍ਹ ਦੇ ਮਸਲੇ ਤੋਂ ਬਾਅਦ ਦੇਸ਼-ਵਿਦੇਸ਼ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਮਤੇ ਰਾਂਹੀ ਪੰਜ ਸਿੰਘ ਸਾਹਿਬ ਵਲੋਂ ਮਈ 2017 ਵਿਚ ਹਦਾਇਤ ਕੀਤੀ ਗਈ ਸੀ ਕਿ ਸ਼ੰਕੇ ਖੜੇ ਕਰ ਕੇ ਸੰਗਤ 'ਚ ਟਕਰਾਓ ਪੈਦਾ ਕਰਨ ਵਾਲੇ ਪ੍ਰਚਾਰਕਾਂ ਨੂੰ ਪ੍ਰਚਾਰ ਲਈ ਸਮਾਂ ਨਾ ਦਿਤਾ ਜਾਵੇ ਪਰ ਹੈਰਾਨੀ ਦੀ ਗੱਲ ਹੈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਆਗੂ ਏਧਰ ਧਿਆਨ ਨਹੀ ਦੇਂਦੇ ਜਿਸ ਕਾਰਨ ਪੰਥ ਵਿਰੋਧੀ ਤਾਕਤਾਂ ਵੱਡੀ ਸਾਜਿਸ਼ ਤਹਿਤ ਭਰਾ ਮਾਰੂ ਜੰਗ ਵਰਗੇ ਹਾਲਾਤ ਪੈਦਾ ਕਰਕੇ ਪੰਥ ਨੂੰ ਦੁਬਿਧਾ ਵਿਚ ਪਾ ਰਹੀਆਂ ਹਨ।



ਸ਼ਮਸ਼ੇਰ ਸਿੰਘ ਜੇਠੂਵਾਲ

**ਵਿਚਾਰ ਆਪੋ-ਆਪਣਾ**

ਕੁਝ ਸਾਲ ਪਹਿਲਾਂ ਅਮਰੀਕ ਸਿਓ ਚੰਡੀਗੜ੍ਹ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਫੁਰਮਾਨ ਦੀ ਗੁਰਦੁਆਰਾ ਮੰਜੀ ਸਾਹਿਬ ਤੋਂ ਕਥਾ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਭੇਂਟ ਕਰਨ ਤੇ ਕੋਝੀਆਂ ਟਿਪਣੀਆਂ ਕੀਤੀਆਂ ਸਨ ਤੇ ਕਿਹਾ ਕਦੇ ਗਰੀਬਾਂ ਨੂੰ ਕੱਪੜੇ ਲੈ ਕੇ ਦੇ ਦਿਆ ਕਰੋ ਜੋ ਆਪਣੇ ਆਪ ਵਿਚ ਘਟੀਆ ਟਿੱਪਣੀ ਸੀ।

ਸਿੱਖ ਦੇ ਹਿਰਦੇ ਵਿਚ ਸਤਿਗੁਰੂ ਸਾਹਿਬ ਦਾ ਸਤਿਕਾਰ ਏਡਾ ਵੱਡਾ ਹੈ ਕਿ ਜਦੋਂ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਇਕ ਗਰੀਬ ਸਿੱਖ ਭੁਲੇਖੇ ਨਾਲ ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਦੀ ਤਾਂਘ ਲੈ ਕੇ ਜਹਾਂਗੀਰ ਬਾਦਸ਼ਾਹ ਦੇ ਦਰਬਾਰ ਪਹੁੰਚ ਗਿਆ ਜਿਸਨੇ ਘਾਹ ਦਾ ਪੂਲ੍ਹਾ ਤੇ ਕੁਝ ਪੈਸੇ ਰੱਖ ਮੱਥਾ ਟੇਕ ਕੇ ਚੌਰਾਸੀ ਕੱਟਣ ਦੀ ਗੱਲ ਕਹੀ ਤਾਂ ਬਾਦਸ਼ਾਹ ਜਹਾਂਗੀਰ ਕਹਿਣ ਲੱਗਾ ਮੈਨੂੰ ਲੱਗਦਾ ਤੁਹਾਨੂੰ ਭੁਲੇਖਾ ਲੱਗਾ ਮੈਂ ਸੰਸਾਰ ਦਾ ਬਾਦਸ਼ਾਹ ਹਾਂ ਦੁਨਿਆਵੀ ਧੰਨ ਦੌਲਤ ਦੇ ਸਕਦਾ ਪਰ ਇਹ ਵਸਤਾਂ ਦਾ ਦਾਅਵਾ ਮੈਂ ਨਹੀ ਕਰ ਸਕਦਾ.....ਤਾਂ ਗਰੀਬ ਸਿੱਖ ਉਸੇ ਵਕਤ ਬਾਦਸ਼ਾਹ ਦੇ ਅੱਗੋਂ ਘਾਹ ਦੀ ਪੰਡ ਤੇ ਕੁਝ ਪੈਸੇ ਚੁੱਕ ਛੇਵੇਂ ਪਾਤਸ਼ਾਹ ਜੀ ਦੇ ਦਰ ਨੂੰ ਚੱਲ ਪਿਆ ਸੀ ਤੇ ਅਜੋਕੇ ਪ੍ਰਚਾਰਕ ਗਰੀਬੀ ਨੇ ਨਾਂ ਹੇਠ ਸਤਿਗੁਰੂ ਸਾਹਿਬ ਜੀ ਦਾ ਨਿਰਾਦਰ ਕਰ ਰਹੇ ਹਨ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਨਵਾਬ ਹੈਦਰਾਬਾਦ ਨੇ ਸੋਨੇ ਦੀ ਚਾਨਣੀ ਭੇਟਾ ਕੀਤੀ ਜਦ ਮਹਾਰਾਜਾ ਸਾਹਿਬ ਦੇ ਸਿੰਘਾਸਣ ਤੇ ਚਾਨਣੀ ਲਾਈ ਤਾਂ ਮਹਾਰਾਜਾ ਸਾਹਿਬ ਦੇ ਮਨ ਵਿਚ ਫੁਰਨਾ ਆਇਆ ਕਿ ਮੈ ਇਸ ਲਾਇਕ ਨਹੀਂ ਇਹ ਚਾਨਣੀ ਮੇਰੇ ਸਤਿਗੁਰੂ ਦੇ ਦਰਬਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਹੁੰਚਾ ਦਿਓ।

ਮਹਾਰਾਜਾ ਦੇ ਫਰਜੰਦ ਕੰਵਰ ਨੌ ਨਿਹਾਲ ਸਿੰਘ ਸ਼ੇਰ ਸਿੰਘ ਸ਼ੁਕਰਾਨੇ ਲਈ ਦਰਬਾਰ ਸਾਹਿਬ ਆਏ ਜਦ ਅੰਦਰ ਵੜਨ ਲੱਗੇ ਤਾਂ ਕੋਈ ਵੀ ਦਰਬਾਰੀ ਨੇੜੇ ਨਹੀਂ ਸੀ ਜੋ ਮੱਥਾ ਟੇਕਣ ਲਈ ਮਾਇਆ ਫੜਾਉਦਾ ਮਹਾਰਾਜਾ ਦੇ ਸਪੁੱਤਰ ਨੇ ਨੌ ਲੱਖਾ ਹਾਰ ਗਲ੍ਹ ਚੋ ਉਤਾਰ ਗੁਰੂ ਸਾਹਿਬ ਜੀ ਅੱਗੇ ਭੇਟਾਂ ਕਰ ਦਿਤਾ।

ਹਾਜੀ ਮੁਸ਼ਤਾਕ ਜਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਸ਼ਨਾ ਨੂੰ ਆਇਆ ਤਾਂ ਦਰਬਾਰ ਸਾਹਿਬ ਦੀ ਸੁੰਦਰਤਾ ਵੇਖ ਰਹਿ ਨਾ ਸਕਿਆ ਉਸ ਨੇ ਆਪਣੇ ਹੱਥ ਨਾਲ ਚੰਦਨ ਦੀ ਲੱਕੜੀ ਦਾ ਬਣਾਇਆ ਚੌਰ ਸਾਹਿਬ ਸ੍ਰੀ ਦਰਬਾਰ ਸਾਹਿਬ ਭੇਟ ਕਰ ਦਿੱਤਾ।

ਜਿਹੜਾ ਤਰਕ ਦਾ ਬੀਜ ਪੰਥ ਚੋਂ ਖਾਰਜ ਗੁਰਬਖਸ਼ ਕਾਲੇ ਅਫਗਾਨੇ ਨੇ ਬੀਜਿਆ, ਉਸ ਬ੍ਰਿਖ ਦੇ ਕੰਡੇ ਰਾਗੀ ਦਰਸ਼ਨ ਸਿਓ ਤੋਂ ਲੈ ਕੇ ਅਮਰੀਕ ਚੰਡੀਗੜ੍ਹ ਤੱਕ ਪੂਰੀ ਕੌਮ ਨੂੰ ਲਹੂ ਲੁਹਾਨ ਕਰ ਰਹੇ ਹਨ।

ਸ਼ਾਇਦ ਕਾਲੇ ਅਫਗਾਨੇ ਤੇ ਰਾਗੀ ਦਰਸ਼ਨ ਸਿਓ ਦੀ ਖਾਲੀ ਹੋਈ ਥਾਂ ਇਹ ਭਰਨਾ ਚਾਹੁੰਦਾ ਹੈ।

ਮੌਲਾਣਿਆਂ ਸ਼ਰੀਅਤ ਦੀ ਕੱਟੜਤਾ ਅਧੀਨ ਰੂਹਾਨੀਅਤ ਦਾ ਪੱਲਾ ਛੱਡ ਇਸਲਾਮ ਨੂੰ ਲਾਅ ਬਣਾ ਕੇ ਪੇਸ਼ ਕੀਤਾ ਤੇ ਅੱਜ ਸੰਸਾਰ ਭਰ ਚ ਇਸਲਾਮਿਕ ਫਿਲਾਸਫੀ ਨੂੰ ਲੋਕ ਨਫ਼ਰਤ ਦੀ ਨਿਗਾਹ ਨਾਲ ਵੇਖ ਰਹੇ ਹਨ। ਕਾਲਾ ਅਫਗਾਨਾ ਦੀ ਵਿਚਾਰਧਾਰਾ ਨੂੰ ਸਮ੍ਰਪਿਤ ਦੋ ਮੂੰਹੀਂ ਨਾਸਤਿਕ ਮੰਡਲੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਯਾਦਾ ਦਾ ਢੌਂਗ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਛੇਕੇ ਅਖੌਤੀ ਆਗੂਆਂ ਤੋਂ ਅਗਵਾਈ ਲੈ ਰਹੇ ਹਨ। ਜੋ ਲਗਾਤਾਰ ਪ੍ਰੇਮਾ ਭਗਤੀ ਮਾਰਗ ਸਿੱਖ ਧਰਮ ਦੀ ਪ੍ਰੀਭਾਸ਼ਾ ਬਦਲਣ ਦੀ ਕੋਝੀ ਕੋਸ਼ਿਸ਼ ਕਰ ਰਹੇ ਹਨ। ਸਿੱਖ ਸਟੇਜਾਂ ਤੇ ਬੈਠ ਪੁਰਾਤਨ ਸਿੱਖ ਸ੍ਰੋਤਾਂ ਤੇ ਟਿੱਪਣੀਆਂ ਕਰ ਰਹੇ ਨਾਸਤਿਕ ਪ੍ਰਚਾਰਕਾਂ ਚੋਂ ਬਹੁਤੇ ਅਕਾਦਮਿਕ ਵਿੱਦਿਆ ਤੋਂ ਹੀਣੇ ਹਨ ਜਿੰਨਾ ਚੋਂ ਇਕ ਵੀ ਖੋਜ ਕਾਰਜ ਪੀ.ਐਚ.ਡੀ ਨਹੀ ਬਹੁਤੇ ਤਾਂ ਧੱਕੇ ਨਾਲ ਹੀ ਆਪਣੇ ਨਾਮ ਅੱਗੇ ਪ੍ਰੋਫੈਸਰ ਲਿਖੀ ਫਿਰਦੇ ਹਨ।

ਦੂਜੇ ਪਾਸੇ ਯੂਨੀਵਰਸਿਟੀ ਦੇ ਖੋਜ ਕਾਰਜ ਵੀ ਇਕ ਦਾਇਰੇ ਚ ਹੁੰਦੇ ਹਨ ਨਾ ਕਿ ਸੰਗਤ ਸਾਹਮਣੇ ਸਟੇਜਾਂ ਤੇ। ਇਹਨਾਂ ਚੋਂ ਬਹੁਤਿਆਂ ਨਹੀਂ ਪਤਾ ਕਿ ਧਰਮ ਪ੍ਰਚਾਰ ਦਾ ਕਾਰਜ ਹੁੰਦਾ ਕੀ ਹੈ ਇਕ ਧੜੇ ਦੀ ਹਮਾਇਤ ਕਰਦੂਜੇ ਧੜੇ ਨੂੰ ਨਿੰਦੀ ਜਾਣਾਂ ਕਿਹੜੀ ਗੁਰਮਤਿ ਦਾ ਪ੍ਰਚਾਰ ਹੈ...? ਬਚਨੇ ਨਰਕਧਾਰੀ ਵਾਂਗ ਚੱਲਣ ਵਾਲੇ ਇਹ ਅਖੌਤੀ ਵਿਦਵਾਨਾਂ ਦੀਆਂ ਸਾਂਝਾ ਅੰਮ੍ਰਿਤ ਸੰਚਾਰ ਨਿਤਨੇਮ ਦਾ ਡੱਟ ਕੇ ਵਿਰੋਧ ਕਰਨ ਵਾਲਿਆਂ ਦੋਖੀਆਂ ਨਾਲ ਹਨ। ਜਿੰਨਾ ਨੂੰ ਹੀ ਹੀਰੋ ਬਣਾ ਕੇ ਪੇਸ਼ ਕਰਦੇ ਹਨ ਜਦਕਿ ਪੰਥ ਦੇ ਵਿਧਾਨ ਮੁਤਾਬਿਕ ਜਿਸ ਨੂੰ ਵੀ ਪੰਥ ਚੋਂ ਖਾਰਜ ਕੀਤਾ ਗਿਆ ਉਸ ਨਾਲ ਰੋਟੀ ਬੇਟੀ ਦੀ ਸਾਝ ਨਾ ਰੱਖਣਾ ਸਿੱਖ ਦਾ ਇਖਲਾਕੀ ਫਰਜ਼ ਹੈ। ਮੀਣੇਂ, ਮਸੰਦ, ਧੀਰਮਲੀਏ, ਰਾਮਰਾਈਏ, ਨਰਕਧਾਰੀਆਂ ਤੋਂ ਬਾਅਦ ਵਰਤਮਾਨ ਵਿਚ ਪੰਥ ਨਾਲ ਮੱਥਾ ਲਾ ਕੇ ਬੈਠੀ ਨਾਸਤਿਕ ਮੰਡਲੀ ਪੰਥ ਚੋਂ ਖਾਰਜ ਕੀਤੇ ਬੰਦਿਆਂ ਦਾ ਵੱਖਰਾ ਪੰਥ ਹੈ ਜਿਸ ਦੀ ਪਹਿਚਾਣ ਜਿੰਨੀ ਜਲਦੀ ਹੋ ਸਕੇ ਸਿੱਖ ਸੰਸਥਾਵਾਂ ਦੇ ਆਗੂਆਂ ਨੂੰ ਕਰ ਲੈਣੀ ਚਾਹੀਦੀ ਹੈ।

# ਬਹੁਤ ਸਾਰੇ ਸਿੱਖ ਆਗੂ ਤੇ ਸੰਸਥਾਵਾਂ ਸਿੱਖ ਵਿਰੋਧੀ ਜਮਾਤਾਂ ਨਾਲ ਸਾਂਝ ਪਾ ਕੇ ਚੱਲਦੀਆਂ ਹਨ

**ਵਿਚਾਰ ਆਪੋ-ਆਪਣਾ**

ਲੋਕ ਸਭਾ ਚੋਣਾਂ ਵਿੱਚ ਚੰਡੀਗੜ੍ਹ ਸਮੇਤ 8 ਸੀਟਾਂ ਕਾਂਗਰਸ ( ਜੋ ਦਰਬਾਰ ਸਾਹਿਬ ਘੱਲੂਘਾਰਾ ਜੂਨ ਅਤੇ ਨਵੰਬਰ 1984 ਲਈ ਮੁੱਖ ਦੋਸ਼ੀ ਹੈ) 1ਸੀਟ ਬਾਦਲ ਦਲ ( ਜੋ ਜਨਸੰਘ, ਬੀ ਜੇ ਪੀ ਦੇ ਪ੍ਰਭਾਵ ਅਧੀਨ ਪੰਥਕ ਮਰਿਯਾਦਾਵਾਂ ਦੇ ਘਾਣ ਦਾ ਦੋਸ਼ੀ ਹੈ। ਸੀਨੀਅਰ ਬਾਦਲ ਦਾ ਪੰਜੇ ਵਾਰ ਮੁੱਖ ਮੰਤਰੀ ਵੱਜੋਂ ਕਾਰਜਕਾਲ ਪੰਥ ਵਿਰੋਧੀ ਹੈ) 3 ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਸਿੰਘਾਂ ਨੂੰ ਐਨ ਐਸ ਏ ਜਿਹੀਆਂ ਸੰਗੀਨ ਧਾਰਾਵਾਂ ਅਧੀਨ ਜੇਲ੍ਹ ਭੇਜਣ ਵਾਲੀ ਪਾਰਟੀ ਵਾਲੇ ਜਿੱਤ ਗਏ। ਗੁਰੂ ਸਾਹਿਬਾਨ ਨੇ ਮਨੂੰਵਾਦ ਅਤੇ ਬਿਪਰਨ ਕੀ ਰੀਤ ਤੋਂ ਸਾਵਧਾਨ ਰਹਿਣ ਦੇ ਸਪੱਸ਼ਟ ਉਪਦੇਸ਼ ਦਿੱਤੇ ਹਨ, ਪਰ ਇਸ ਦੇ ਬਾਵਜੂਦ ਬਹੁਤ ਸਾਰੇ ਸਿੱਖ ਆਗੂ ਤੇ ਸੰਸਥਾਵਾਂ ਇਨ੍ਹਾਂ ਜਮਾਤਾਂ ਨਾਲ ਸਾਂਝ ਪਾ ਕੇ ਚੱਲਦੀਆਂ ਹਨ ਅਤੇ ਅਨੇਕਾਂ ਹੋਰ ਤਤਪਰ ਹਨ। ਇਕ ਪਾਸੇ ਜਦੋਂ ਤੱਕ ਆਪਣਾ ਦੇਸ਼ ਨਹੀਂ ਬਣ ਜਾਂਦਾ ਬਾਈਕਾਟ ਕਰੋ ਵਾਲੀ ਧਿਰ ਵੀ ਹੈ ( 40 ਸਾਲ ਬੀਤ ਗਏ, ਅੱਗੇ ਹੋਰ ?) ਜਿਸ ਦੇਸ਼ ਵਿੱਚ ਰਹਿੰਦੇ ਹੋ ਉਸਦੇ ਕਨੂੰਨ ( ਸੰਵਿਧਾਨ ) ਕਿਸੇ ਨਾ ਕਿਸੇ ਰੂਪ ਵਿੱਚ ਤੁਹਾਡੇ ਤੇ ਲਾਗੂ ਹੁੰਦੇ ਹੀ ਹਨ, ਜਿਵੇਂ ਕੇ - ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਚੋਣਾਂ, ਅਧਾਰ ਕਾਰਡ, ਪੈੱਨ ਕਾਰਡ, ਪਾਸਪੋਰਟ, ਅਚੱਲ - ਅਚੱਲ ਜਾਇਦਾਦ, ਜਨਤਕ ਤੌਰ ਤੇ ਵਿਚਰਨਾ, ਕਨੂੰਨੀ ਸੰਸਥਾਵਾਂ, ਅਦਾਲਤਾਂ ( ਤੁਹਾਡੇ ਉੱਥੇ ਕੇਸ ਹਨ ਜਾਂ ਤੁਸੀਂ ਪਰੈਕਟਿਸ ਕਰਦੇ ਹੋ) ਆਦਿਕ।

**-ਸਰਬਜੀਤ ਸਿੰਘ**

# ਧੰਨਵਾਦੀ ਦੌਰਿਆਂ ਦੀਆਂ ਤਿਆਰੀਆਂ ਸਬੰਧੀ ਜੀਤਮਹਿੰਦਰ ਸਿੰਘ ਸਿੱਧੂ ਨੇ ਵਰਕਰਾਂ ਨਾਲ ਕੀਤੀ ਮੀਟਿੰਗ



**ਤਲਵੰਡੀ ਸਾਬੋ, 18 ਜੂਨ (ਗੁਰਜੰਟ ਸਿੰਘ ਨਥੇਹਾ)**-ਲੋਕ ਸਭਾ ਚੋਣਾਂ 'ਚ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਰਹਿ ਚੁੱਕੇ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਵੱਲੋਂ ਚੋਣਾਂ ਵਿੱਚ ਸਹਿਯੋਗ ਦੇਣ ਤੇ ਕਾਂਗਰਸੀ ਵਰਕਰਾਂ ਅਤੇ ਵੋਟਰਾਂ ਦਾ ਧੰਨਵਾਦ ਕਰਨ ਲਈ ਆਰੰਭੇ ਗਏ ਧੰਨਵਾਦੀ ਦੌਰਿਆਂ ਦੀ ਲੜੀ ਵਿੱਚ ਆਉਣ ਵਾਲੇ ਦਿਨਾਂ ਵਿੱਚ ਕੀਤੇ ਜਾਣ ਵਾਲੇ ਹੋਰ ਧੰਨਵਾਦੀ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਅੱਜ ਹਲਕੇ ਦੇ ਵਰਕਰਾਂ ਨਾਲ ਆਪਣੀ ਰਿਹਾਇਸ਼ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਹੁੰਦਿਆਂ ਜੀਤਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੇ ਇਕੱਲੇ ਇਕੱਲੇ ਵਰਕਰ ਨੇ ਮਿਹਨਤ ਕੀਤੀ ਹੈ ਚੋਣ ਨਤੀਜੇ ਜੋ ਵੀ ਆਏ ਉਨ੍ਹਾਂ ਦਾ ਹਰ ਪੱਖ ਤੋਂ ਮੰਥਨ ਕਰ ਰਹੇ ਹਾਂ ਉਨਾਂ ਕਿਹਾ ਕਿ ਉਹ ਹਰੇਕ ਵਰਕਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਸਨ ਅਤੇ ਅੱਗੇ ਵੀ ਖੜਨਗੇ ਪਰ ਇਹ ਧਿਆਨ ਰੱਖਿਆ ਜਾਵੇ ਕਿ ਚੋਣਾਂ ਸੰਪੰਨ ਹੋ ਜਾਣ ਤੋਂ ਬਾਅਦ ਵੀ ਆਰਾਮ ਨਹੀ ਕਰਨਾ ਹੈ। ਉਨਾਂ ਕਿਹਾ ਕਿ ਅੱਗੇ ਪੰਜਾਬ ਦੇ ਕਈ ਹਲਕਿਆਂ 'ਚ ਵਿਧਾਨ ਸਭਾ ਜ਼ਿਮਨੀ ਚੋਣਾਂ ਹੋਣੀਆਂ ਨੇ ਉਸ ਉਪਰੰਤ ਪੰਚਾਇਤੀ, ਜਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਦਾ ਬਿਗੁਲ ਵੱਜ ਜਾਣਾ ਹੈ ਇਸਲਈ ਹੁਣੇ ਤੋਂ ਕਾਂਗਰਸ ਪਾਰਟੀ ਦੀ ਹੋਰ ਮਜ਼ਬੂਤੀ ਲਈ ਜੁਟਣਾ ਪਵੇਗਾ ਤਾਂਕਿ ਉਕਤ ਚੋਣਾਂ ਵਿੱਚ ਆਪਾਂ ਸ਼ਾਨਦਾਰ ਨਤੀਜਿਆਂ ਵੱਲ ਵਧ ਸਕੀਏ। ਉਨਾਂ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀਆਂ ਨਾਕਾਮੀਆਂ, ਸਰਕਾਰ ਦੇ ਕਾਰਜਕਾਲ ਦੌਰਾਨ ਵਧੇ ਨਸ਼ੇ, ਬੇਰੁਜ਼ਗਾਰੀ ਆਦਿ ਮੁੱਦਿਆਂ ਤੋਂ ਆਪੋ ਆਪਣੇ ਪਿੰਡਾਂ 'ਚ ਆਮ ਲੋਕਾਂ ਨੂੰ ਜਾਣੂੰ ਕਰਵਾਉਣ ਅਤੇ ਉਨਾਂ ਨੂੰ ਪੰਜਾਬ ਦੇ ਬਿਹਤਰ ਭਵਿੱਖ ਲਈ ਕਾਂਗਰਸ ਨਾਲ ਜੁੜਨ ਲਈ ਪ੍ਰੇਰਿਤ ਕਰਨ। ਸਿੱਧੂ ਨੇ ਵਰਕਰਾਂ ਨੂੰ ਵੱਖ-ਵੱਖ ਹਲਕਿਆਂ 'ਚ ਕੀਤੇ ਜਾਣ ਵਾਲੇ ਧੰਨਵਾਦੀ ਸਮਾਗਮਾਂ ਦੀ ਰੂਪਰੇਖਾ ਬਾਰੇ ਦੱਸਦਿਆਂ ਉਨਾਂ ਦੀਆਂ ਤਿਆਰੀਆਂ ਸਬੰਧੀ ਸਲਾਹ ਮਸ਼ਵਰਾ ਵੀ ਕੀਤਾ।

# ਟੈਕਸੀ ਸਟੈਂਡ ਤਲਵੰਡੀ ਸਾਬੋ ਵਿਖੇ ਮਲੇਰੀਆ ਸਬੰਧੀ ਲਾਇਆ ਜਾਗਰੂਕਤਾ ਕੈਂਪ



**ਤਲਵੰਡੀ ਸਾਬੋ, 18 ਜੂਨ (ਗੁਰਜੰਟ ਸਿੰਘ ਨਥੇਹਾ)**- ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ, ਜਿਲਾ ਸਿਹਤ ਅਫਸਰ ਡਾ. ਊਸ਼ਾ ਗੋਇਲ, ਜਿਲਾ ਐਪੀਡੀਮੋਲੋਜਿਸਟ ਡਾ. ਮਯੰਕਜੋਤ ਸਿੰਘ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਡਾ. ਦਰਸ਼ਨ ਕੌਰ ਐਸ.ਐਮ.ਓ ਤਲਵੰਡੀ ਸਾਬੋ, ਜਿਲਾ ਏ.ਐਮ.ਓ ਹਰਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਸਥਾਨਕ ਦਸ਼ਮੇਸ਼ ਟੈਕਸੀ ਸਟੈਂਡ 'ਤੇ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ। ਇਸ ਮੌਕੇ ਸਿਹਤ ਕਰਮਚਾਰੀ ਹਰਪਾਲ ਸਿੰਘ ਗਿਆਨਾ ਨੇ ਦੱਸਿਆ ਇਸ ਮਹੀਨੇ ਤਲਵੰਡੀ ਸਾਬੋ ਦੇ ਅਧੀਨ ਪੈਂਦੇ ਸਾਰੇ ਤੰਦਰੁਸਤੀ ਤੇ ਸਿਹਤ ਕੇਂਦਰਾਂ ਤੇ ਵੱਖ-ਵੱਖ ਪਿੰਡਾਂ 'ਚ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਮਲੇਰੀਆ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਇਸੇ ਲੜੀ ਤਹਿਤ ਟੈਕਸੀ ਸਟੈਂਡ ਤੇ ਟੀਮ ਨੇ ਪਹੁੰਚਕੇ ਟੈਕਸੀ ਡਰਾਈਵਰਾਂ ਨੂੰ ਮਲੇਰੀਆ ਬਾਰੇ ਵਿਸਤਾਰ ਨਾਲ ਦੱਸਿਆ। ਇਸ ਮੌਕੇ ਕੁਲਦੀਪ ਸਿੰਘ ਕਮਾਲੂ ਨੇ ਕਿਹਾ ਕਿ ਮਲੇਰੀਆ ਮਾਦਾ ਮੱਛਰ ਦੇ ਡੰਗਣ ਕਾਰਨ ਹੁੰਦਾ ਹੈ ਜੋ ਕਿ ਖੜ੍ਹੇ ਸਾਫ਼ ਪਾਣੀ 'ਚ ਪੈਦਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਘਰਾਂ ਦੇ ਆਲੇ-ਦੁਆਲੇ ਤੇ ਛੱਤਾਂ 'ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਇਸ ਲਈ ਜ਼ਰੂਰੀ ਹੈ ਕਿ ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ, ਖਾਸਕਰ ਬਾਰਿਸ਼ਾਂ ਦੇ ਮੌਸਮ ਦੌਰਾਨ ਘਰਾਂ ਦੀਆਂ ਛੱਤਾਂ ਤੇ ਪਏ ਕਬਾੜ, ਗਮਲਿਆਂ, ਟੁੱਟੇ ਬਰਤਨਾਂ ਆਦਿ ਦੀ ਸਫ਼ਾਈ ਕੀਤੀ ਜਾਵੇ। ਪੂਰੇ ਸਰੀਰ ਨੂੰ ਢਕਣ ਵਾਲੇ ਕੱਪੜੇ ਪਾਏ ਜਾਣ ਅਤੇ ਰਾਤ ਨੂੰ ਸੌਣ ਵਾਲੇ ਮੱਛਰ ਭੁਜਾਉਣ ਵਾਲੀਆਂ ਕਰੀਮਾਂ, ਮੱਛਰ ਭੁਜਾਊ ਜੰਤਰਾਂ ਅਤੇ ਜਾਲੀਦਾਰ ਦਰਵਾਜਿਆਂ ਆਦਿ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਰੀਡ ਚੈਕਰ ਅਮਨਪ੍ਰੀਤ ਸਿੰਘ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਦੁਆਰਾ ਬਾਬਾ ਸੰਗ ਹਾਈ ਸਟਰੀਟ ਸਮੈਦਿਕ ਵਿਖੇ

# ਅਮਰ ਸ਼ਹੀਦ ਭਾਈ ਬੇਅੰਤ ਸਿੰਘ ਜੀ ਦੇ ਛੋਟੇ ਸਪੁੱਤਰ ਦਾ ਸਨਮਾਨ

## ਗੁਰੂ ਕੀਆਂ ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਹਾਰਦਿਕ ਸਵਾਗਤ















ਆਵਾਜ਼ਿ ਕੌਮ AWAZE QAUM International Newspaper & WEB TV









ਅਮਰ ਸ਼ਹੀਦ ਭਾਈ ਬੇਅੰਤ ਸਿੰਘ ਜੀ ਦੇ ਛੋਟੇ ਸਪੁੱਤਰ ਪਿਛਲੇ ਦਿਨੀ ਇੰਗਲੈਂਡ ਆਏ ਹੋਏ ਸਨ ਇੱਥੇ ਉਹਨਾਂ ਦਾ ਬਾਕੀ ਗੁਰਦੁਆਰਿਆਂ ਦੇ ਵਿੱਚ ਸਨਮਾਨ ਕੀਤਾ ਗਿਆ ਉਥੇ ਹੀ ਗੁਰਦੁਆਰਾ ਬਾਬਾ ਸੰਗ ਹਾਈ ਸਟਰੀਟ ਸਮੈਦਿਕ ਵਿਖੇ ਵੀ ਗੁਰੂ ਕੀਆਂ ਸੰਗਤਾਂ ਅਤੇ ਪ੍ਰਬੰਧਕਾਂ ਨੇ ਹਾਰਦਿਕ ਸਵਾਗਤ ਕੀਤਾ ਅਤੇ ਭਾਈ ਜਸਵਿੰਦਰ ਸਿੰਘ ਸਪੁੱਤਰ ਅਮਰ ਸ਼ਹੀਦ ਬੇਅੰਤ ਸਿੰਘ ਅਤੇ ਸ਼ਹੀਦ, ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਸਪੁੱਤਰ ਦਾ ਵੀ ਸਿਰੋਪਾਓ ਪਾ ਕੇ ਸਵਾਗਤ ਕੀਤਾ ਗਿਆ ਸਨਮਾਨ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਅਮਰ ਸ਼ਹੀਦ ਭਾਈ ਬੇਅੰਤ ਸਿੰਘ ਜੀ ਦੇ ਸਪੁੱਤਰ ਸਰਦਾਰ ਜਸਵਿੰਦਰ ਸਿੰਘ ਮਲੋਆ ਦਾ

# ਪੀ . ਬੀ . ਸੀ . ਤੇ ਆਵਾਜ਼ਿ ਕੌਮ ਚੈਨਲ ਵੱਲੋਂ ਭਰਵਾਂ ਸਵਾਗਤ

## ਭਾਈ ਜਗਜੀਤ ਸਿੰਘ ਜੀਤਾ, ਭਾਈ ਰਘਵੀਰ ਸਿੰਘ ਭਾਈ ਸੰਦੀਪ ਸਿੰਘ ਅਤੇ ਹੋਰ ਪਤਵੰਤਿਆਂ ਵੱਲੋਂ ਫੁੱਲਾਂ ਦਾ ਗੁਲਦਸਤਾ ਅਤੇ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ














ਅਮਰ ਸ਼ਹੀਦ ਭਾਈ ਬੇਅੰਤ ਸਿੰਘ ਜੀ ਦੇ ਸਪੁੱਤਰ ਸਰਦਾਰ ਜਸਵਿੰਦਰ ਸਿੰਘ ਮਲੋਆ ਜੋ ਇੰਗਲੈਂਡ ਆਏ ਹੋਏ ਸਨ ਉਹਨਾਂ ਦਾ PBC ਚੈਨਲ ਦੇ ਉੱਪਰ ਭਾਈ ਜਗਜੀਤ ਸਿੰਘ ਜੀਤਾ, ਭਾਈ ਰਘਵੀਰ ਸਿੰਘ ਭਾਈ ਸੰਦੀਪ ਸਿੰਘ ਅਤੇ ਹੋਰ ਜਿਹੜੇ ਪਤਵੰਤਿਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਉਹਨਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ ਅਤੇ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ

# ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਹੋਈ



**ਨਵੀਂ ਦਿੱਲੀ, 18 ਜੂਨ (ਮਨਪ੍ਰੀਤ ਸਿੰਘ ਖਾਲਸਾ):-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੱਜ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ 'ਚ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਦੇ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਦੇ ਨਾਲ-ਨਾਲ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ 450 ਸਾਲਾ ਸ਼ਤਾਬਦੀਆਂ ਸਬੰਧੀ ਲੋਗੋ ਅਤੇ ਹੋਰ ਸਮੱਗਰੀ ਵੀ ਜਾਰੀ ਕੀਤੀ ਗਈ। ਇਕੱਤਰਤਾ ਮਗਰੋਂ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਤੰਬਰ ਮਹੀਨੇ ਦੋ ਸ਼ਤਾਬਦੀਆਂ ਵੱਡੇ ਪੱਧਰ 'ਤੇ ਮਨਾਈਆਂ ਜਾਣੀਆਂ ਹਨ, ਜਿਸ ਦੀਆਂ ਤਿਆਰੀ ਲਗਪਗ ਮੁਕੰਮਲ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਤਾਬਦੀਆਂ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ ਕੀਤਾ ਜਾ ਰਿਹਾ ਹੈ। ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥਿਆਂ ਵੱਲੋਂ ਪਿੰਡ-ਪਿੰਡ ਤੱਕ ਪਹੁੰਚ ਕਰਕੇ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ ਅਤੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਦੇ ਸਹਿਯੋਗ ਨਾਲ ਹਲਕਾ ਪੱਧਰ 'ਤੇ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾਣਗੇ। ਇਕੱਤਰਤਾ 'ਚ ਲਏ ਇਕ ਹੋਰ ਫੈਸਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤਧਾਰੀ ਸਿੱਖ ਬੱਚੀਆਂ ਨੂੰ ਮੁਫ਼ਤ ਵਿਦਿਆ ਦੇਣ ਦਾ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਵਿਖੇ ਗੁਰਸਿੱਖ ਬੱਚੀਆਂ ਨੂੰ ਪੜ੍ਹਾਈ ਕਰਵਾਈ ਜਾ ਰਹੀ ਹੈ। ਇਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ 100 ਬੱਚੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ, ਜਿਸ ਦਾ ਵਿਸਥਾਰ ਕਰਦੇ ਇਹ ਸੀਟਾਂ 150 ਕਰਨ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਬੀਤੇ ਦਿਨੀਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਵਿਖੇ ਗ੍ਰੰਥੀ ਸਿੰਘ ਦੀ ਬੇਟੀ ਨਾਲ ਵਾਪਰੀ ਘਟਨਾ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸ. ਤੇਜਿੰਦਰਪਾਲ ਸਿੰਘ ਲਾਡਵਾ ਨੂੰ ਭੇਜਿਆ ਗਿਆ ਸੀ, ਜਿਨ੍ਹਾਂ ਨੇ ਪੀੜਤ ਪਰਿਵਾਰ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਮੱਦਦ ਦਾ ਭਰੋਸਾ ਦਿਵਾਇਆ। ਸ਼੍ਰੋਮਣੀ ਕਮੇਟੀ ਦੇ ਇਸ ਵਫ਼ਦ ਨੇ ਪ੍ਰਸ਼ਾਸਨ ਨਾਲ ਵੀ ਸੰਪਰਕ ਕਰਕੇ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਅਫ਼ਸੋਸ ਹੈ ਕਿ ਇਸ ਮੰਦਭਾਗੀ ਘਟਨਾ ਦੇ ਦੋਸ਼ੀਆਂ ਵਿੱਚੋਂ ਦੋ ਵਿਅਕਤੀ ਸਤਾਧਾਰੀ ਪਾਰਟੀ ਨਾਲ ਸਬੰਧ ਰੱਖਦੇ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਘਟਨਾ ਦੇ ਸਾਰੇ ਦੋਸ਼ੀ ਤੁਰੰਤ ਗ੍ਰਿਫ਼ਤਾਰ ਕੀਤੇ ਜਾਣ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਵਾਇਆ ਜਾਵੇ। ਇਕੱਤਰਤਾ 'ਚ ਧਰਮ ਪ੍ਰਚਾਰ ਕਮੇਟੀ ਨਾਲ ਸਬੰਧਤ ਹੋਰ ਮਾਮਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

### ਗੁਰੂਦੁਆਰਾ ਸਾਹਿਬ ਸਾਕੇਤ ਵਿਖ਼ੇ ਰੋਟਰੀ ਕਲੱਬ ਦੇ ਸਹਿਯੋਗ ਨਾਲ ਮਨੁੱਖਤਾ ਦੀ ਸੇਵਾਵਾਂ ਲਈ ਖੋਲਿਆ ਗਿਆ ਫ੍ਰੀ ਡਾਇਲਿਸਿਸ ਸੈਂਟਰ

# ਗੁਰਦੇ ਦੀ ਬਿਮਾਰੀ ਨਾਲ ਪੀੜਿਤ ਲੋਕਾਂ ਲਈ ਲੱਖਾਂ ਦੇ ਖਰਚੇ ਵਾਲਾ ਇਲਾਜ ਹੋਵੇਗਾ ਮੁਫ਼ਤ





**ਨਵੀਂ ਦਿੱਲੀ 18 ਜੂਨ (ਮਨਪ੍ਰੀਤ ਸਿੰਘ ਖਾਲਸਾ):-**ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਾਕੇਤ ਦੇ ਸਾਹਿਬਜਾਦਾ ਅਜੀਤ ਸਿੰਘ ਚੈਰੀਟੇਬਲ ਪਾਲਿਕਲੀਨੀਕ ਵਿਖੇ ਗੁਰਦੇ ਅਤੇ ਕਿਡਨੀ ਦੀ ਬਿਮਾਰੀ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਰੋਟਰੀ ਕਲੱਬ ਦੇ ਸਹਿਯੋਗ ਨਾਲ ਫ੍ਰੀ ਡਾਇਲਸਿਸ ਸੈਂਟਰ ਖੋਲਿਆ ਗਿਆ ਹੈ । ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਾਕੇਤ ਵਲੋਂ ਅਤੇ ਸਾਹਿਬਜਾਦਾ ਅਜੀਤ ਸਿੰਘ ਚੈਰੀਟੇਬਲ ਪਾਲਿਕਲੀਨੀਕ ਵਿਖੇ ਪਹਿਲਾਂ ਤੋਂ ਹੀ ਬੱਚਿਆਂ ਦੀ ਪੜਾਈ ਅਤੇ ਮਨੁੱਖੀ ਬਿਮਾਰੀਆਂ ਦੇ ਇਲਾਜ ਲਈ ਕਈ ਤਰ੍ਹਾਂ ਦੀਆਂ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ ।ਜਿਕਰਯੋਗ ਹੈ ਕਿ ਬਾਜ਼ਾਰ ਅੰਦਰ ਡਾਇਲਿਸਿਸ ਕਰਵਾਉਣ ਲਈ ਲੱਖਾਂ ਰੁਪਏ ਖਰਚ ਕਰਨੇ ਪੈਂਦੇ ਹਨ, ਗੁਰਦੁਆਰਾ ਸਾਹਿਬ ਅਤੇ ਰੋਟਰੀ ਕਲੱਬ ਦੀ ਪਹਿਲ ਮਗਰੋਂ ਇਥੇ ਜਰੂਰਤਮੰਦ ਲੋਕਾਂ ਨੂੰ ਮੁਫ਼ਤ ਡਾਇਲਿਸਿਸ ਮਿਲਿਆ ਕਰੇਗੀ । ਡਾਇਲਿਸਿਸ ਉਹਨਾਂ ਲੋਕਾਂ ਲਈ ਇੱਕ ਇਲਾਜ ਹੈ ਜਿਨ੍ਹਾਂ ਦੇ ਗੁਰਦੇ ਫੇਲ ਹੋ ਰਹੇ ਹਨ। ਜਦੋਂ ਤੁਹਾਡੀ ਕਿਡਨੀ ਫੇਲ੍ਹ ਹੁੰਦੀ ਹੈ ਤਾਂ ਤੁਹਾਡੇ ਗੁਰਦੇ ਖੂਨ ਨੂੰ ਉਸ ਤਰ੍ਹਾਂ ਫਿਲਟਰ ਨਹੀਂ ਕਰਦੇ ਜਿਸ ਤਰ੍ਹਾਂ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਨੂੰ ਗੁਰਦੇ ਦੀ ਅਸਫਲਤਾ, ਜਾਂ ਅੰਤਮ ਪੜਾਅ ਦੀ ਗੁਰਦੇ ਦੀ ਬਿਮਾਰੀ ਹੈ, ਨੂੰ ਡਾਇਲਸਿਸ ਦੀ ਲੋੜ ਹੋ ਸਕਦੀ ਹੈ।

ਇਸ ਮੌਕੇ ਪਾਰਲੀਮੈਂਟ ਮੈਂਬਰ ਬਾਂਸੁਰੀ ਸਵਰਾਜ ਨੇ ਡਾਇਲਸਿਸ ਸੈਂਟਰ ਦਾ ਰਿਬਨ ਕੱਟ ਕੇ ਘੁੰਡ ਚੁੱਕਾਈ ਕੀਤੀ ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਿੱਖ ਪੰਥ ਵਲੋਂ ਮਨੁੱਖਤਾ ਦੀ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਵਾਰ ਵਾਰ ਧੰਨਵਾਦ ਕੀਤਾ ।ਉਨ੍ਹਾਂ ਕਿਹਾ ਕਿ ਮੈਂ ਸਿੱਖ ਪੰਥ ਦੀਆਂ ਮੰਗਾ ਨੂੰ ਸੰਸਦ ਵਿਚ ਉਠਾਵਾਂਗੀ ਤੇ ਵੱਧ ਤੋਂ ਵੱਧ ਸਿੱਖ ਪੰਥ ਨੂੰ ਆਪਣੇ ਵਲੋਂ ਸਹਿਯੋਗ ਦੇਵਾਂਗੀ ।ਪ੍ਰੋਗਰਾਮ ਅੰਦਰ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਮੈਂਬਰ ਓਂਕਾਰ ਸਿੰਘ ਰਾਜਾ ਨੇ ਵੀਂ ਹਾਜ਼ਿਰੀ ਭਰੀ ਸੀ ।ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਈ ਹੋਈ ਸੰਗਤਾਂ ਅਤੇ ਪਤਵੰਤੇ ਸੱਜਣਾ ਦਾ ਸਨਮਾਨ ਕਰਣ ਦੇ ਨਾਲ ਧੰਨਵਾਦ ਕੀਤਾ ਗਿਆ ।

# ਭਾਈ ਹਰਦੀਪ ਸਿੰਘ ਨਿੱਝਰ ਦੇ ਪਰਿਵਾਰ ਨੂੰ ਹਜ਼ਾਰਾਂ ਸੰਗਤਾਂ ਦੇ ਭਰਵੇਂ ਇਕੱਠ ਵਿੱਚ ਕੀਤਾ ਗਿਆ ਸੋਨੇ ਦੇ ਮੈਡਲ ਨਾਲ ਸਨਮਾਨਿਤ



**ਨਵੀਂ ਦਿੱਲੀ 18 ਜੂਨ (ਮਨਪ੍ਰੀਤ ਸਿੰਘ ਖਾਲਸਾ):-** ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿੱਚ ਬੀਤੀ 10 ਜੂਨ ਤੋਂ ਲਗਾਤਾਰ ਭਾਈ ਹਰਦੀਪ ਸਿੰਘ ਨਿੱਝਰ ਦੇ ਪਹਿਲੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਚੱਲ ਰਹੇ ਹਨ ।ਇਨ੍ਹਾਂ ਸਮਾਗਮ ਵਿੱਚ ਕਵੀਸ਼ਰੀ ਤੇ ਢਾਡੀ ਦਰਬਾਰ, ਕਥਾ ਦਰਬਾਰ ਅਤੇ ਆਤਮਰਸ ਕੀਰਤਨ ਦਰਬਾਰ ਸਜ ਰਹੇ ਹਨ ।ਗੁਰਮਤਿ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼੍ਰੀ ਸਹਿਜ ਪਾਠ ਦੇ ਭੋਗ ਉਪਰੰਤ ਸੱਚ ਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਿਮਰਨਜੀਤ ਸਿੰਘ ਅਤੇ ਭਾਈ ਹਰਚਰਨ ਸਿੰਘ ਖਾਲਸਾ ਦੇ ਰਾਗੀ ਜਥਿਆਂ ਨੇ ਪਾਵਨ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਮੌਸਮ ਖ਼ਰਾਬ ਹੋਣ ਦੇ ਬਾਵਜੂਦ ਵੀ ਹਜ਼ਾਰਾਂ ਸੰਗਤਾਂ ਦੇ ਭਰਵੇਂ ਇਕੱਠ ਅੰਦਰ ਭਾਈ ਹਰਦੀਪ ਸਿੰਘ ਦੇ ਪਿਤਾ ਜੀ ਨੂੰ ਗੁਰਦੁਆਰਾ ਕਮੇਟੀ ਵੱਲੋ ਸੋਨੇ ਦੇ ਮੈਡਲ ਨਾਲ ਸਨਮਾਨਿਤ ਕੀਤਾ ਗਿਆ ।ਇਸ ਤੋਂ ਇਲਾਵਾ ਭਾਈ ਤਰਲੋਚਨ ਸਿੰਘ ਸਪੁੱਤਰ ਸ਼ਹੀਦ ਭਾਈ ਅਮਰੀਕ ਸਿੰਘ ਸਿੱਖ ਸਟੂਡੈਂਟ ਫੈਡਰੇਸ਼ਨ, ਸ਼ਹੀਦ ਭਾਈ ਦਿਲਾਵਰ ਸਿੰਘ ਦੇ ਮਾਤਾ ਜੀ, ਸ਼ਹੀਦ ਭਾਈ ਗੁਰਦੀਪ ਸਿੰਘ ਦੀਪਾ ਦੇ ਭਰਾਤਾ ਭਾਈ ਅੰਮ੍ਰਿਤਪਾਲ ਸਿੰਘ, ਭਾਈ ਸਤਨਾਮ ਸਿੰਘ ਤੁੜ ਦੇ ਭਾਈ ਸਰੂਪ ਸਿੰਘ ਤੁੜ ਅਤੇ ਭਾਈ ਪਰਮਜੀਤ ਸਿੰਘ ਪੰਜਵੜ ਦੇ ਸਪੁੱਤਰ ਭਾਈ ਮਨਬੀਰ ਸਿੰਘ ਅਤੇ ਭਾਈ ਕਮਲਜੀਤ ਸਿੰਘ ਸ਼ਹੀਦ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ ।ਭਾਈ ਨਰਿੰਦਰ ਸਿੰਘ ਖਾਲਸਾ ਵਲੋਂ ਭੇਜੀ ਗਈ ਰਿਪੋਰਟ ਮੁਤਾਬਿਕ ਦੁਨੀਆ ਦੇ ਵੱਖੋ ਵੱਖਰੇ ਹਿੱਸਿਆਂ ਤੋਂ ਸ਼ਰਦਾ ਦੇ ਫੁੱਲ ਭੇਂਟ ਕਰਨ ਵਾਲੀਆਂ ਸ਼ਖਸ਼ੀਅਤਾਂ ਵਿੱਚ ਭਾਈ ਤਰਲੋਚਨ ਸਿੰਘ ਭਿੰਡਰਾਂਵਾਲੇ, ਐਸ ਐਫ ਜੇ ਦੇ ਵਕੀਲ ਅਤੇ ਟੋਪ ਸਿੱਖ ਐਕਟੀਵੈਸਟ ਜਤਿੰਦਰ ਸਿੰਘ ਗਰੇਵਾਲ, ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਬੀਸੀ ਯੁਨਾਇਟਡ ਪਾਰਟੀ ਦੇ ਚੀਫ ਅਤੇ ਆਪਜੀਸ਼ਨ ਲੀਡਰ ਕੈਵਿਨ ਫਾਲਕਨ, ਬੀਸੀ ਗੁ. ਕੌਂਸਲ ਦੇ ਬੁਲਾਰੇ ਭਾਈ ਮਨਿੰਦਰ ਸਿੰਘ, ਭਾਈ ਕਰਮਜੀਤ ਸਿੰਘ ਸੁਨਾਮ, ਡਾ. ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ, ਡਾ ਬਖਸ਼ੀਸ਼ ਸਿੰਘ ਕੌਂਸਲ ਆਫ਼ ਖਾਲਿਸਤਾਨ ਇਕਤਦਾਰ ਚੀਮਾ ਯੂਕੇ ਭਾਈ ਦੁਪਿੰਦਰ ਸਿੰਘ ਪੋਲਿਟਿਕਸ ਪੰਜਾਬ, ਗੁਰਪ੍ਰੀਤ ਸਿੰਘ ਯੂਕੇ ਅਵਤਾਰ ਸਿੰਘ ਪੰਨੂ ਬਿਕਰਮ ਸਿੰਘ ਐਸ ਐਫ ਜੇ, ਜਥੇਦਾਰ ਸੰਤੋਖ ਸਿੰਘ ਖੇਲਾ ਹਰਪਾਲ ਸਿੰਘ ਅਮਰੀਕਾ ਤੋਂ ਇਲਾਵਾ ਗੁਰਦੁਆਰਾ ਕਮੇਟੀਆਂ ਤੋਂ ਇਲਾਵਾ ਪੰਥਕ ਜਥੇਬੰਦੀਆਂ ਅਤੇ ਪੁੱਜੀਆਂ ਹੋਈਆਂ ਧਾਰਮਿਕ ਸ਼ਖਸ਼ੀਅਤਾਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਅਤੇ ਨਿੱਝਰ ਪਰਿਵਾਰ ਨਾਲ ਹਰ ਤਰਾਂ ਦੇ ਸਹਿਯੋਗ ਦਾ ਸੰਕਲਪ ਲਿਆ ਗਿਆ ।

# ਸਬ ਇੰਸਪੈਕਟਰ ਦਲਜੀਤ ਸਿੰਘ ਅਤੇ ਸਮਾਜ ਸੇਵੀ ਸੱਜਣਾਂ ਵਲੋ ਕਰਵਾਇਆ ਗਿਆ ਗਰੀਬ ਪਰਿਵਾਰ ਦੀ ਲੜਕੀ ਦਾ ਆਨੰਦ ਕਾਰਜ



**ਚੌਕ ਮਹਿਤਾ, 18 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪਿੱਛਲੇ ਦਿਨੀਂ ਸ਼ੋਸ਼ਲ ਮੀਡੀਆ ਪਰ ਇਕ ਖ਼ਬਰ ਬਹੁਤ ਲੋਕਾ ਤਕ ਫੈਲੀ ਸੀ ਕੇ ਇੱਕ ਇੱਕ ਗਰੀਬ ਪਰਿਵਾਰ ਦੀ ਧੀ ਜੋ ਕੇ ਸੁਲਤਾਨਵਿੰਡ ਦੀ ਰਹਿਣ ਵਾਲੀ ਸੀ ਘਰ ਵਿਚ ਗ.ਰੀਬੀ ਹੋਣ ਕਾਰਨ ਉਹ ਆਨੰਦ ਕਾਰਜ ਨਹੀਂ ਕਰ ਸਕਦੇ ਸੀ ਅਤੇ ਜਿਸ ਤੋ ਬਾਅਦ ਵੀਡੀਓ ਸੁਣਨ ਤੋ ਬਾਅਦ ਐੱਸ ਆਈ ਦਲਜੀਤ ਸਿੰਘ ਇੰਚਾਰਜ ਟ੍ਰੈਫਿਕ ਐਜੂਕੇਸ਼ਨ ਸੈੱਲ ਅੰਮ੍ਰਿਤਸਰ ਜੋ ਕੇ ਹੋਰ ਵੀ ਸਮਾਜ ਸੇਵਾ ਕਰਦੇ ਹਨ ਉਹ ਇਹ ਸੁਣ ਕੇ ਅਗਲੇ ਦਿਨ ਹੀ ਓਸ ਲੜਕੀ ਦੇ ਘਰ ਪਹੁੰਚੇ ਜਿਨ੍ਹਾਂ ਨੇ ਓਸ ਲੜਕੀ ਦੇ ਸੂਟ, ਰਾਸ਼ਨ ਅਤੇ ਹੋਰ ਨਕਦੀ ਦੀ ਸੇਵਾ ਕੀਤੀ ਅਤੇ ਨਾਲ ਹੀ ਵੀਡੀਓ ਲੋਕਾ ਤਕ ਪੁੱਜਦਾ ਕੀਤੀ ਓਸ ਵੀਡੀਓ ਵੱਲ ਦੇਖ ਕੇ ਲੋਕਾ ਨੇ ਬਹੁਤ ਵੱਡਾ ਹੁੰਗਾਰਾ ਦਿੱਤਾ ਅਤੇ ਓਸ ਲੜਕੀ ਦੇ ਆਨੰਦ ਕਾਰਜ ਵਿਚ ਸਮਾਜ ਸੇਵੀ ਸੱਜਣਾ ਨੇ ਵਧ ਚੜ੍ਹ ਕੇ ਹਿੱਸਾ ਲਿਆ ਜਿਸ ਵਿਚ ਲੜਕੀ ਦੇ ਪਰਿਵਾਰ ਨੂੰ ਸਮਾਨ ਦੀ ਵੀ ਕੋਈ ਕਮੀ ਨਹੀਂ ਰਹੀ, ਲੜਕੀ ਅਤੇ ਲੜਕੀ ਦਾ ਪਰਿਵਾਰ ਬਹੁਤ ਹੀ ਖੁਸ਼ ਹਨ ਜੋ ਵੀ ਰਿਸ਼ਤੇਦਾਰ ਨਰਾਜ਼ ਸਨ ਸਾਰੇ ਹੀ ਵਿਆਹ ਵਿਚ ਸ਼ਾਮਲ ਹੋਏ ਇਸ ਕੰਮ ਦੀ ਪ੍ਰਸ਼ੰਸਾ ਹਰ ਕੋਈ ਕਰ ਰਿਹਾ ਹੈ ਯਾਦ ਰਹੇ ਕੇ ਇਹ ਓਹੀ ਦਲਜੀਤ ਸਿੰਘ ਹਨ ਜੋ ਕੇ ਕਰੋਨਾ ਕਾਲ ਵਿਚ ਲੜਕੀਆ ਦੇ ਆਨੰਦ ਕਾਰਜ , ਛੋਟੇ ਬੱਚਿਆ ਨੂੰ ਕਾਪੀਆਂ ਕਿਤਾਬਾ, ਬੱਚਿਆ ਦੀਆ ਫੀਸਾ ਅਤੇ ਅੱਖਾਂ ਦੇ ਆਪਰੇਸ਼ਨ ਅਤੇ ਲੋੜਵੰਦ ਇਨਸਾਨਾਂ ਦੇ ਮੈਡੀਕਲ ਟ੍ਰੀਟਮੈਂਟ ਵਿਚ ਅਹਿਮ ਭੂਮਿਕਾ ਨਿਭਾਈ ਸੀ,ਕਰੋਨਾ ਯੋਧਾ ਹੋਣ ਦੇ ਨਾਲ ਨਾਲ ਐੱਸ.ਆਈ. ਦਲਜੀਤ ਸਿੰਘ ਜੀ ਨਸ਼ਿਆ ਵਿਚ ਦੀ ਦਲਦਲ ਵਿਚ ਫਸੇ ਨੌਜਵਾਨਾ ਨੂੰ ਬਾਹਰ ਕੱਢਣ ਦਾ ਉਪਰਾਲਾ ਵੀ ਕੀਤਾ ਜਾ ਰਿਹਾ ਹੈ ,ਇਹਨਾ ਨੂੰ ਡੀ.ਜੀ.ਪੀ. ਸਾਹਿਬ ਪੰਜਾਬ ਵੱਲੋ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਸੀ।

ਪਿੰਡ ਸੰਦੋਹਾ ਦੇ ਗੁਰਦੁਆਰਾ ਰਾਮਸਰ ਸਾਹਿਬ ਦੇ

# ਨਵੇਂ ਦਰਬਾਰ ਦੇ ਦੂਸਰੀ ਮੰਜਿਲ ਦੀ ਪਈ ਛੱਤ

## ਸੁਖਮਨੀ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਛੱਤ ਦਾ ਕੰਮ ਸ਼ੁਰੂ ਕੀਤਾ ਗਿਆ • ਸੇਵਾਦਾਰ ਬਹੁਤ ਵੱਡੀ ਮਾਤਰਾ ਵਿਚ ਹਾਜਰ ਹੋਏ













ਆਵਾਜ਼ਿ ਕੌਮ AWAZE QAUM International Newspaper & WEB TV

ਤਲਵੰਡੀ ਸਾਬੋ, 18 ਜੂਨ (ਗੁਰਜੰਟ ਸਿੰਘ ਨਥੇਹਾ)– ਅੱਜ ਪਿੰਡ ਸੰਦੋਹਾ ਵਿਖੇ ਗੁਰਦੁਆਰਾ ਰਾਮਸਰ ਸਾਹਿਬ ਦੇ ਨਵੇਂ ਬਣੇ ਦਰਬਾਰ ਸਾਹਿਬ ਦੀ ਦੂਸਰੀ ਮੰਜਲ (ਦਰਬਾਰ ਸਾਹਿਬ) ਦੀ ਛੱਤ ਪਾਈ ਗਈ। ਤੇਜਿੰਦਰ ਸੰਦੋਹਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਸਵੇਰੇ ਸੁਖਮਨੀ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਛੱਤ ਦਾ ਕੰਮ ਸ਼ੁਰੂ ਕੀਤਾ ਗਿਆ। ਸੇਵਦਾਰ ਬਹੁਤ ਵੱਡੀ ਮਾਤਰਾ ਵਿਚ ਹਾਜਰ ਹੋਏ। ਖਾਸ ਗੱਲ ਇਹ ਰਹੀ ਕਿ ਪਿੰਡ ਦੇ ਸਾਰੇ ਮਿਸਤਰੀ ਅਤੇ ਮਜ਼ਦੂਰ ਭਾਈਚਾਰੇ ਨੇ ਆਪਣੇ ਕੰਮ ਬੰਦ ਕਰਕੇ ਪੂਰੇ ਤਨ ਮਨ ਨਾਲ ਸੇਵਾ ਨਿਭਾਈ। ਗੁਰਦੁਆਰਾ ਰਾਮਸਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਧੂ ਸਿੰਘ ਬੰਗੀ, ਮੈਂਬਰ ਕੁਲਵਿੰਦਰ ਸਿੰਘ ਮਾਨ, ਜਗਦੀਪ ਸਿੰਘ ਅਤੇ ਖਜਾਨਚੀ ਡਾਕਟਰ ਰਾਮ ਸਿੰਘ ਹਾਜਰ ਸਨ। ਇਸ ਤੋਂ ਇਲਾਵਾ ਭਾਕਿਯੂ ਸਿੱਧੂਪੁਰ, ਲੱਖੋਵਾਲ, ਉਗਰਾਹਾਂ ਅਤੇ ਭਾਕਿਯੂ ਮਾਨਸਾ ਦੇ ਮੈਂਬਰ ਉਚੇਚੇ ਤੌਰ 'ਤੇ ਪਹੁੰਚੇ। ਪਿੰਡ ਦੀ ਸਾਬਕਾ ਪੰਚਾਇਤ ਸਰਪੰਚ ਧਰਮ ਸਿੰਘ ਸਿੱਧੂ, ਬਲਜੀਤ ਸਿੰਘ ਮੈਂਬਰ, ਗੁਰਾ ਸਿੰਘ ਮੈਂਬਰ, ਮਨਦੀਪ ਸਿੰਘ ਮੈਂਬਰ, ਸਾਬਕਾ ਸਰਪੰਚ ਕੁਲਵੰਤ ਸਿੰਘ ਮਾਨ, ਸਾਬਕਾ ਸਰਪੰਚ ਕੁਲਵੰਤ ਸਿੰਘ ਦਿਓਲ, ਨਸੀਬ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਜਗਸੀਰ ਸਿੰਘ ਮੈਂਬਰ, ਸੇਵਾ ਸਿੰਘ ਨੰਬਰਦਾਰ, ਗੁਰਜੰਟ ਸਿੰਘ ਨੰਬਰਦਾਰ, ਹਰਦੇਵ ਸਿੰਘ ਨੰਬਰਦਾਰ, ਟੇਕ ਸਿੰਘ ਨੰਬਰਦਾਰ, ਰਾਜ ਸਿੰਘ ਨੰਬਰਦਾਰ, ਕੁਲਦੀਪ ਸਿੰਘ ਨੰਬਰਦਾਰ ਅਤੇ ਸੋਨੀ ਸਿੰਘ ਨੰਬਰਦਾਰ ਹਾਜਰ ਸਨ। ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਤਹਿਤ ਤਲਵੰਡੀ ਸਾਬੋ ਪੁਲਸ ਨੇ

# ਪਿੰਡ ਭਾਗੀਵਾਂਦਰ 'ਚ ਚਲਾਇਆ ਤਲਾਸ਼ੀ ਅਭਿਆਨ





**ਤਲਵੰਡੀ ਸਾਬੋ, 18 ਜੂਨ (ਗੁਰਜੰਟ ਸਿੰਘ ਨਥੇਹਾ)**- ਨਸ਼ਾ ਤਸਕਰਾਂ ਅਤੇ ਨਸ਼ਿਆਂ ਖਿਲਾਫ ਪੰਜਾਬ ਸਰਕਾਰ ਦੇ ਹੁਕਮਾਂ ਦੇ ਮੱਦੇ ਨਜ਼ਰ ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਨਸ਼ਾ ਤਸਕਰਾਂ ਅਤੇ ਨਸ਼ਿਆਂ ਖਿਲਾਫ ਸਖਤ ਤੇ ਵਰਤਣ ਦੀਆਂ ਜਾਰੀ ਹਦਾਇਤਾਂ ਨੂੰ ਦੇਖਦਿਆਂ ਜਿਲਾ ਪੁਲਿਸ ਮੁਖੀ ਬਠਿੰਡਾ ਦੀਪਕ ਪਾਰਕ ਦੇ ਆਦੇਸ਼ਾਂ ਮੁਤਾਬਿਕ ਬੀਤੇ ਦਿਨ ਤਲਵੰਡੀ ਸਾਬੋ ਪੁਲਿਸ ਨੇ ਪਿੰਡ ਭਾਗੀਵਾਂਦਰ ਵਿਖੇ ਤਲਾਸ਼ੀ ਅਭਿਆਨ ਚਲਾਉਂਦਿਆਂ ਘਰਾਂ ਅਤੇ ਵਾਹਨਾਂ ਦੀ ਤਲਾਸ਼ੀ ਲਈ ਅਤੇ ਕੁਝ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ 'ਚ ਲਿਆਉਂਦਿਆਂ ਪੁਲਿਸ ਵੱਲੋਂ ਕਈ ਵਾਹਣ ਫੜਨ ਦੀ ਵੀ ਜਾਣਕਾਰੀ ਮਿਲੀ ਹੈ।



ਪੁਲਿਸ ਵੱਲੋਂ ਮੁਹੱਈਆ ਜਾਣਕਾਰੀ ਮੁਤਾਬਿਕ ਉਕਤ ਤਲਾਸ਼ੀ ਅਭਿਆਨ ਚ ਪੰਜਾਬ ਪੁਲਿਸ ਦੇ ਦੋ ਡੀ.ਐੱਸ.ਪੀਜ਼,ਅੱਧਾ ਦਰਜ਼ਨ ਥਾਣਿਆਂ ਦੇ ਥਾਣਾ ਮੁਖੀਆਂ ਤੋਂ ਇਲਾਵਾ ਵੱਡੀ ਗਿਣਤੀ ਪੁਲਿਸ ਮੁਲਾਜ਼ਮਾਂ ਨੇ ਸ਼ਮੂਲੀਅਤ ਕਰਦਿਆਂ ਪਿੰਡ ਭਾਗੀਵਾਂਦਰ ਨੂੰ ਆਉਣ ਵਾਲੇ ਅਤੇ ਪਿੰਡੋਂ ਬਾਹਰ ਜਾਣ ਵਾਲੇ ਰਾਸਤਿਆਂ ਤੇ ਨਾਕੇਬੰਦੀ ਕਰਕੇ ਤਲਾਸ਼ੀ ਮੁਹਿੰਮ ਚਲਾਈ। ਡੀ.ਐੱਸ.ਪੀ ਤਲਵੰਡੀ ਸਾਬੋ ਰਾਜੇਸ਼ ਸਨੇਹੀ ਨੇ ਦੱਸਿਆ ਕਿ ਉਕਤ ਤਲਾਸ਼ੀ ਅਭਿਆਨ ਤਹਿਤ ਪਿਛਲੇ ਸਮਿਆਂ ਚ ਨਸ਼ਾ ਤਸਕਰੀ ਚ ਸ਼ਾਮਿਲ ਰਹੇ ਕਈ ਵਿਅਕਤੀਆਂ ਦੇ ਘਰਾਂ ਦੇ ਨਾਲ ਨਾਲ ਸ਼ੱਕੀ ਘਰਾਂ ਅੰਦਰ ਵੀ ਤਲਾਸ਼ੀ ਮੁਹਿੰਮ ਚਲਾਈ ਗਈ। ਉਨਾਂ ਕਿਹਾ ਕਿ ਇਲਾਕੇ ਅੰਦਰ ਕਿਸੇ ਕਿਸਮ ਦਾ ਨਸ਼ਾ ਨਹੀ ਵਿਕਣ ਦਿੱਤਾ ਜਾਵੇਗਾ ਅਤੇ ਅਗਰ ਅਜਿਹੀ ਕੋਈ ਸੂਚਨਾ ਮਿਲਦੀ ਹੈ ਤਾਂ ਸਬੰਧਿਤ ਵਿਅਕਤੀ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਡੀ.ਐੱਸ.ਪੀ ਸਨੇਹੀ ਨੇ ਦੱਸਿਆ ਕਿ ਤਲਵੰਡੀ ਸਾਬੋ ਪੁਲਿਸ ਵੱਲੋਂ ਅਜਿਹੇ ਤਲਾਸ਼ੀ ਅਭਿਆਨ ਇਲਾਕੇ ਵਿੱਚ ਹੋਰ ਵੀ ਆਉਣ ਵਾਲੇ ਦਿਨਾਂ 'ਚ ਚਲਾਏ ਜਾਣਗੇ। ਉੱਧਰ ਥਾਣਾ ਤਲਵੰਡੀ ਸਾਬੋ ਮੁਖੀ ਹਰਜੀਤ ਸਿੰਘ ਮਾਨ ਨੇ ਦੱਸਿਆ ਕਿ ਕੁਝ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ 'ਚ ਲੈ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰਾਂ ਖਿਲਾਫ ਆਰੰਭੀ ਪੁਲਿਸ ਦੀ ਇਸ ਵਿਸ਼ੇਸ ਮੁਹਿੰਮ ਦਾ ਸਾਥ ਦੇਣ ਅਤੇ ਨਸ਼ਾ ਤਸਕਰਾਂ ਖਿਲਾਫ ਜਾਣਕਾਰੀ ਮੁਹੱਈਆ ਕਰਵਾਉਣ, ਜਾਣਕਾਰੀ ਦੇਣ ਵਾਲੇ ਦਾ ਨਾਂ ਅਤੇ ਪਤਾ ਗੁਪਤ ਰੱਖਿਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਪੀਂਘਾਂ ਸੋਚ ਦੀਆਂ ਸਹਿਤ ਮੰਚ ਵਲੋਂ ਸਾਹਿਤ ਜਗਤ ਦੀਆਂ

# ਨਾਮਵਰ ਸ਼ਖਸੀਅਤਾਂ ਨਾਲ ਸ਼ਿੰਦੇ ਲਹੌਰੀਏ ਦਾ ਹੋਵੇਗਾ ਸਨਮਾਨ



ਚੌਕ ਮਹਿਤਾ18 ਜੂਨ( ਬਾਬਾ ਸੁਖਵੰਤ ਸਿੰਘ ਚੰਨਣਕੇ ) ਪੀਂਘਾਂ ਸੋਚ ਦੀਆਂ ਸਹਿਤ ਮੰਚ ਵਲੋਂ ਮਿਤੀ 22 ਜੂਨ ਨੂੰ ਵਿਸ਼ਾਲ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸਹਿਤ ਜਗਤ ਨਾਲ ਸਬੰਧਿਤ ਨਾਮਵਰ ਸ਼ਖ਼ਸੀਅਤਾਂ ਦੇ ਨਾਲ-ਨਾਲ ਮਾਝਾ ਪ੍ਰੈੱਸ ਕਲੱਬ, ਅੰਮ੍ਰਿਤਸਰ ਦੇ ਖਜਾਨਚੀ ਸਵਿੰਦਰ ਸਿੰਘ ਸ਼ਿੰਦਾ ਲਹੌਰੀਆ (ਪੱਤਰਕਾਰ ਤੇ ਕਵੀ) ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਝਾ ਪ੍ਰੈੱਸ ਕਲੱਬ, ਅੰਮ੍ਰਿਤਸਰ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਸ਼ੁੱਕਰਗੁਜਾਰ ਸਿੰਘ ਨੇ ਪੀਂਘਾਂ ਸੋਚ ਦੀਆਂ ਸਹਿਤ ਮੰਚ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਝਾ ਪ੍ਰੈੱਸ ਕਲੱਬ, ਅੰਮ੍ਰਿਤਸਰ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਸਨਮਾਨ ਸਮਾਰੋਹ ਵਿਚ ਪੱਤਰਕਾਰੀ ਦੇ ਖੇਤਰ 'ਚ ਲੰਬੇ ਸਮੇਂ ਤੋਂ ਸੇਵਾਵਾਂ ਨਿਭਾਉਣ ਦੇ ਨਾਲ ਨਾਲ ਸਾਹਿਤ ਨਾਲ ਜੁੜੇ ਸਵਿੰਦਰ ਸਿੰਘ ਸ਼ਿੰਦਾ ਲਹੌਰੀਆ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਇੱਕ ਹੀ ਡਾਈਲਾਗ ਨਾਲ ਲੋਕਾਂ ਨੂੰ ਹਸਾਉਣ ਵਾਲਾ ਸੰਘਾ ਬਾਊ ਅੱਜ ਖੁਦ ਰੋ ਪਿਆ



ਘਰਵਾਲੀ ਨੂੰ ਕੈਂਸਰ ਤੇ ਇਕਲੌਤਾ ਪੁੱਤ ਦੁਨੀਆ ਤੋਂ ਤੁਰ ਗਿਆ, ਸੰਘੇ ਭਾਊ ਦੀ ਜ਼ਿੰਦਗੀ ਜਿੰਨੀ ਦੇਖਣ ਨੂੰ ਖੁਸ਼ਹਾਲ ਲੱਗਦੀ ਸੀ ਉੰਨੀ ਹੈਨੀ ਸੀ, ਬਸ ਜ਼ਿੰਦਗੀ ਜਿਉਣ ਲਈ ਲੋਕਾਂ ਨਾਲ ਹੱਸਦਾ ਰਹਿੰਦਾ ਸੀ,, ਬਹੁਤ ਦੁੱਖ ਹੋਇਆ ਆਹ ਖਬਰ ਸੁਣਕੇ, ਮੇਰੀ ਬੇਨਤੀ ਆ ਸਾਰੇ ਕਲਾਕਾਰਾਂ ਨੂੰ ਤੇ ਉਨਾਂ ਸਾਰੇ ਬਲੋਗਰਾਂ ਨੂੰ ਜਿਹੜੇ ਸੰਘੇ ਬਾਊ ਦੀਆਂ ਵੀਡੀਓ ਤੋਂ ਹਜ਼ਾਰਾਂ ਕਮਾਉਂਦੇ ਰਹੇ,, ਅੱਜ ਸਮਾਂ ਆ ਗਿਆ ਬਾਈ ਦੇ ਨਾਮ ਖੜਨ ਦਾ,, ਇਕੱਲਾ ਨਾ ਹੋਣ ਦਿਓ ਭਰਾ ਨੂੰ, ਕਿਤੇ ਇੰਨਾਂ ਹਸਮੁੱਖ ਕਿਰਦਾਰ ਹਮੇਸ਼ਾ ਲਈ ਨਾ ਸਦਮੇਂ ਚ ਚਲਾ ਜਾਵੇ,, ਪ੍ਰਮਾਤਮਾਂ ਸੰਘੇ ਬਾਈ ਨੂੰ ਦੁਬਾਰਾ ਪੁੱਤਰ ਦੀ ਦਾਤ ਬਖਸ਼ੇ ਤੇ ਇਹ ਭਾਣਾ ਮੰਨਣ ਦਾ ਬੱਲ ਬਖਸ਼ੇ ?

ਆਵਾਜ਼ਿ ਕੌਮ AWAZE QAUM International Newspaper & WEB TV

# ਖੇਡਾਂ ਇਨਸਾਨ ਦੇ ਸਰੀਰਕ ਵਿਕਾਸ ਲਈ ਅਹਿਮ ਭੂਮਿਕਾ ਨਿਭਾਉਂਦੀਆਂ ਹਨ: ਚੇਅਰਮੈਨ ਰਾਜਵੰਤ ਸਿੰਘ ਘੁੱਲੀ



ਧੂਰੀ ( ਰਣਜੀਤ ਸਿੰਘ ਪੇਧਨੀ ) ਖੇਡਾਂ ਸਾਡੀ ਸੋਚ ਦੇ ਮਿਆਰ ਨੂੰ ਉੱਚਾ ਕਰਦੀਆਂ ਹਨ ਅਤੇ ਖੇਡ ਮੈਦਾਨਾਂ ਜਰੀਏ ਸਮਾਜਿਕ ਜੀਵਨ ਵਿਚ ਕਈ ਸਿੱਖਿਆਵਾਂ ਦਾ ਦਾਨ-ਪ੍ਰਦਾਨ ਹੁੰਦਾ ਹੈ। ਖੇਡ ਮੈਦਾਨ ਵਿਚ ਜਿੱਥੇ ਸਰੀਰ ਨੂੰ ਤੰਦਰੁਸਤੀ ਮਿਲਦੀ ਹੈ, ਉੱਥੇ ਹੀ ਨੌਜਵਾਨਾਂ ਵਿਚ ਮਾਨਸਿਕ ਸ਼ਕਤੀ ਦਾ ਵੀ ਵਿਕਾਸ ਹੁੰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਸਪੋਰਟਸ ਵਿੰਗ ਪੰਜਾਬ ਦੇ ਜਨਰਲ ਸਕੱਤਰ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਅਸੀ ਸਰੀਰਕ ਰੋਗਾਂ ਤੋਂ ਬੱਚਣਾ ਹੈ ਤਾਂ ਖੇਡ ਮੈਦਾਨਾਂ ਵਿੱਚ ਖੇਡਣ ਅਤੇ ਕਸਰਤ ਨੂੰ ਜਿੰਦਗੀ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਸਨੂੰ ਸੰਤੁਲਿਤ ਖੁਰਾਕ ਦੇ ਸ਼ੌਕੀਨ ਹੋਣਾ ਪਵੇਗਾ। ਚੇਅਰਮੈਨ ਘੁੱਲੀ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮੈਕ, ਹੈਰੋਇਨ, ਨਸ਼ੀਲੇ ਟੀਕੇ ਤੇ ਕੈਪਸੂਲਾਂ ਦਾ ਤਿਆਗ ਕਰਕੇ ਆਪਣਾ ਜੀਵਨ ਖੇਡਾਂ ਵਾਲੇ ਪਾਸੇ ਲਾਉਣ ਤਾਂ ਜੋ ਇਕ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਉਹਨਾਂ ਦੇ ਨਾਲ ਆਪ ਆਗੂ ਕਰਮਜੀਤ ਸਿੰਘ ਕਾਂਝਲਾ, ਆਪ ਆਗੂ ਪਰਮਜੀਤ ਸਿੰਘ ਕਾਂਝਲਾ, ਆਪ ਆਗੂ ਰਣਜੋਧ ਸਿੰਘ ਪ੍ਰਮੁੱਖ ਉਮੀਦਵਾਰ ਜਿਲ੍ਹਾ ਪ੍ਰੀਸ਼ਦ ਜੋਨ ਬੇਨੜਾ, ਨਪਿੰਦਰ ਸਿੰਘ, ਆਪ ਆਗੂ ਭਿੰਦਾ ਵਿਰਕ , ਆਪ ਆਗੂ ਬਿੱਲਾ ਸਾਹੀਵਾਲ, ਆਪ ਆਗੂ ਰਣਜੀਤ ਸਿੰਘ ਧੰਦੀਵਾਲ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ⋆ ਖ਼ਬਰ ਸਬੰਧੀ ਸਪੱਸ਼ਟੀਕਰਨ ⋆



ਐਨ.ਆਰ.ਆਈ. ਵਿਲੋਂ ਪਰਿਵਾਰ ਦੀ ਜਮੀਨ ਨਾਲ ਉਹਨਾਂ ਦੇ ਹੀ

ਚਾਚੇ ਦੇ ਜਵਾਈ ਨੇ ਮਾਰੀ ਠੱਗੀ :ਹਰਪਾਲ ਸਿੰਘ ਯੂ.ਕੇ.

ਅੰਮ੍ਰਿਤਸਰ : ਰੋਜ਼ਾਨਾ 'ਆਵਾਜ਼ਿ ਕੌਮ' ਯੂ. ਕੇ. ਦੇ ਸ਼ੁੱਕਰਵਾਰ 14 ਜੂਨ, 2024 ਦੇ ਅੰਕ ਵਿੱਚ ਸਫਾ ਨੰ. 18 'ਤੇ **'ਐਨ.ਆਰ.ਆਈ. ਵਿਲੋਂ ਪਰਿਵਾਰ ਦੀ ਜਮੀਨ ਨਾਲ ਉਹਨਾਂ ਦੇ ਹੀ ਚਾਚੇ ਦੇ ਜਵਾਈ ਨੇ ਮਾਰੀ ਠੱਗੀ :ਹਰਪਾਲ ਸਿੰਘ ਯੂ.ਕੇ.'** ਦੇ ਸਿਰਲੇਖ ਹੇਠ ਲੱਗੀ ਜ਼ਮੀਨੀ ਵਿਵਾਦ ਦੀ ਖ਼ਬਰ ਸਬੰਧੀ ਦੂਸਰੀ ਧਿਰ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਕੁਝ ਵੇਰਵੇ ਸਹੀ ਨਹੀਂ ਹਨ। ਸਬੰਧਤ ਨੋਟ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬਿਜਲੀ ਦੀ ਸਪਲਾਈ ਨਿਰਵਿਘਨ ਚਲਾਉਣ ਲਈ ਮੁਹੱਲੇ 'ਚ

# ਦੋ ਨਵੇਂ ਟ੍ਰਾਂਸਫਾਰਮਰ ਲਗਾਉਣ ਤੇ ਬਿਜਲੀ ਮੰਤਰੀ ਸ੍ਰ ਈ ਟੀ ਓ ਦਾ ਧੰਨਵਾਦ : ਜਗਮੋਹਨ ਸਿੰਘ



**ਜੰਡਿਆਲਾ ਗੁਰੂ 18 ਜੂਨ ( ਕੁਲਵੰਤ ਸਿੰਘ ਵਿਰਦੀ)**-ਪੰਜਾਬ ਵਿੱਚ ਬਿਜਲੀ ਦੇ ਸੰਕਟ ਨੂੰ ਲੈ ਕਿ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਉਹ ਹਕੀਕਤ ਵਿੱਚ ਨਹੀਂ ਬਲਕਿ ਵਿਰੋਧੀਆਂ ਨੂੰ ਆਮ ਆਦਮੀ ਪਾਰਟੀ ਦੀ ਲੋਕ ਪ੍ਰੀਆ ਹਜ਼ਮ ਨਹੀਂ ਹੋ ਰਹੀ ਅਤੇ ਬਿਜਲੀ ਦੀ ਸਪਲਾਈ ਨਿਰਵਿਘਨ ਚਲ ਰਹੀ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਹਲਕਾ ਜੰਡਿਆਲਾ ਦੇ ਅਧੀਨ ਆਉਂਦੇ ਪਿੰਡ ਤਾਰਾਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਗਮੋਹਨ ਸਿੰਘ ਨੇ ਅੱਗੇ ਕਿਹਾ ਕਿ ਬੀਤੇ ਸਮੇਂ ਦੌਰਾਨ ਹਨੇਰੀਆਂ ਵੀ ਆਈਆਂ ਪਰ ਬਿਜਲੀ ਦੀ ਸਪਲਾਈ ਕੁਝ ਸਮੇਂ ਲਈ ਬੰਦ ਕੀਤੀ ਜਾਂਦੀ ਰਹੀ ਹੈ ਅਤੇ ਜੋ ਆਉਣ ਵਾਲੇ ਦਿਨਾਂ ਵਿੱਚ ਵੀ ਬਿਜਲੀ ਇਸੇ ਤਰ੍ਹਾਂ ਬਹਾਲ ਰਹੇਗੀ ਅੱਗੇ ਉਨ੍ਹਾ ਕਿਹਾ ਕਿ ਪਿੰਡ ਤਾਰਾਗੜ੍ਹ ਦੇ ਵਾਸੀ ਹਲਕਾ ਵਿਧਾਇਕ ਅਤੇ ਪੰਜਾਬ ਕੈਬਨਿਟ ਬਿਜਲੀ ਮੰਤਰੀ ਸ੍ਰ ਹਰਭਜਨ ਸਿੰਘ ਈ ਟੀ ਓ ਜੀ ਦਾ ਅਤੇ ਬਿਜਲੀ ਬੋਰਡ ਐਕਸੀਅਨ ਸਾਹਬ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਪਿੰਡ ਤਾਰਾਗੜ੍ਹ ਵਾਸੀਆਂ ਦੀ ਛੋਟੀ ਜਿਹੀ ਬੇਨਤੀ ਤੇ ਮੁਹੱਲਾ ਵਾਸੀਆਂ ਨੂੰ ਬਿਜਲੀ ਦੀ ਆ ਰਹੀ ਮੁਸ਼ਿਕਲ ਤੋਂ ਛੁਟਕਾਰਾ ਦਵਾ ਕਿ ਬਿਜਲੀ ਦੀ ਵੰਡ ਕਰਕੇ ਮੁਹੱਲੇ ਵਿੱਚ ਵੱਖ ਵੱਖ ਦੋ ਨਵੇਂ ਬਿਜਲੀ ਟ੍ਰਾਂਸਫਾਰਮਰ ਲਗਵਾ ਦਿੱਤੇ ਗਏ ਹਨ ਜਿਸ ਨਾਲ ਪਹਿਲਾਂ ਜਿਸ ਟ੍ਰਾਂਸਫਾਰਮਰ ਤੋਂ ਸਪਲਾਈ ਚਲਦੀ ਸੀ ਉਸ ਉਪਰ ਵੀ ਲੋਡ ਘੱਟ ਪਵੇਗਾ ਅਤੇ ਪਿੰਡ ਵਾਸੀਆਂ ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਮਿਲੇਗੀ। ਇਸ ਮੌਕੇ ਮੈਂਬਰ ਹਰਦੇਵ ਸਿੰਘ, ਮੋਨੂੰ ਪ੍ਰਧਾਨ ,ਦਵਿੰਦਰ ਸਿੰਘ, ਬਲਦੇਵ ਸਿੰਘ ਪੱਪੂ,ਟੀਟੂ,ਲਾਭ ਸਿੰਘ, ਦਲਜੀਤ ਕੌਰ, ਪਰਮਜੀਤ ਕੌਰ, ਸੁਖਬੀਰ ਕੌਰ, ਕੁਲਦੀਪ ਸਿੰਘ, ਸਤਨਾਮ ਸਿੰਘ ਸਰਪੰਚ, ਰਮਨਜੀਤ ਕੌਰ, ਬਲਵਿੰਦਰ ਕੌਰ, ਸੰਦੀਪ ਸਿੰਘ, ਸੁਖਵਿੰਦਰ ਸਿੰਘ,ਰਾਜ ਕੌਰ,ਬਖਸ਼ੀਸ਼ ਸਿੰਘ, ਮਨਦੀਪ ਕੌਰ ਆਦਿ ਹਾਜ਼ਰ ਸਨ।

### ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ

# ਪਿਤਾ ਦਾ ਮਹਿਤਾ ਚੌਕ ਵਿਖੇ ਕੀਤਾ ਸਨਮਾਨ



**ਚੌਕ ਮਹਿਤਾ-18 ਜੂਨ-( ਬਾਬਾ ਸੁਖਵੰਤ ਸਿੰਘ ਚੰਨਣਕੇ)**-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਜੇਤੂ ਰਹੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਜਥੇਦਾਰ ਤਰਸੇਮ ਸਿੰਘ , ਚਾਚਾ ਬਲਵਿੰਦਰ ਸਿੰਘ,ਅਮਨਦੀਪ ਸਿੰਘ ਰਸੂਲਪੁਰ,ਗੁਰਪ੍ਰੀਤ ਸਿੰਘ ਢਪੱਈ ਅਤੇ ਉਹਨਾਂ ਦੇ ਨਾਲ ਹੋਰ ਸਿੰਘਾਂ ਦਾ ਮਹਿਤਾ ਚੌਕ ਵਿੱਖੇ ਪੁੱਜਣ ਤੇ ਸਮੱਰਥਕਾਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਸਥਾਨਕ ਪੈਲਸ ਵਿੱਚ ਰੱਖੇ ਗਏ ਇਸ ਸਵਾਗਤੀ ਸਮਾਗਮ ਵਿੱਚ ਮੰਚ ਸੰਚਾਲਕ ਬੀਬੀ ਜਤਿੰਦਰ ਕੌਰ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਅਤੇ ਵੱਖ ਵੱਖ ਬੁਲਾਰਿਆਂ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਜਿੱਤਣ ਦੀ ਵਧਾਈ ਦਿੱਤੀ। ਇਸ ਮੌਕੇ ਸ੍ਰ ਕੁਲਵੰਤ ਸਿੰਘ ਰਿਟਾ ? ਡੀ ਐਸ ਪੀ,ਜਤਿੰਦਰ ਸਿੰਘ ਰੰਧਾਵਾ ਜੁਗਰਾਜ ਸਿੰਘ ਉਦੋ ਨੰਗਲ,ਹਰਜਿੰਦਰ ਸਿੰਘ ਸੈਦਪੁਰ,ਹਰਗੋਪਾਲ ਸਿੰਘ,ਸਰਪੰਚ ਬਲਵਿੰਦਰ ਸਿੰਘ ਧਰਦਿਓ,ਮਨਜੀਤ ਸਿੰਘ ਮੰਨਾ,ਸਤਨਾਮ ਸਿੰਘ ਰੰਧਾਵਾ,ਬਹਾਦਰ ਸਿੰਘ,ਕੇਵਲ ਸਿੰਘ,ਸਤਨਾਮ ਸਿੰਘ ਨੰਬਰਦਾਰ,ਰਾਜਪਾਲ ਸਿੰਘ ਰਾਜੂ,ਕੁਲਦੀਪ ਸਿੰਘ,ਅਮਰਜੀਤ ਸਿੰਘ,ਮਹਿੰਦਰਪਾਲ ਸਿੰਘ ਅਤੇ ਹੋਰ ਬਹੁਤ ਸਾਰੇ ਵਰਕਰ ਮੌਜੂਦ ਸਨ।

# ਵਾਤਾਵਰਨ ਪ੍ਰੇਮੀਆਂ ਵੱਲੋਂ ਪੰਜਾਬ ਵਾਸੀਆਂ ਨੂੰ ਅਪੀਲ ਬੂਟੇ ਲਗਾਓ ਤੇ ਜਨ - ਜੀਵਨ ਬਚਾਓ ਆਉਣ ਵਾਲੀਆਂ ਪੀੜ੍ਹੀਆਂ ਅੱਗੇ ਸ਼ਰਮਸਾਰ ਨਾ ਹੋਣਾ ਪਵੇ : ਡਾ. ਲਖਵਿੰਦਰ ਸਿੰਘ



**ਜੰਡਿਆਲਾ ਗੁਰੂ, 18 ਜੂਨ (ਕੁਲਵੰਤ ਸਿੰਘ ਵਿਰਦੀ)**-ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਸਾਡੇ ਸਾਰਿਆਂ ਦਾ ਇਖਲਾਕੀ ਫਰਜ਼ ਬਣਦਾ ਹੈ ਕਿ ਆਲਮੀ ਤਪਸ਼ ਤੋਂ ਬਚਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤੇ ਨਾਲ ਹੀ ਉਨ੍ਹਾਂ ਲਗਾਏ ਗਏ ਬੂਟਿਆਂ ਨੂੰ ਪਾਲਣ ਲਈ ਵੀ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਅੱਗੇ ਸ਼ਰਮਸ਼ਾਰ ਨਾ ਹੋਣਾ ਪਵੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਜੰਡਿਆਲਾ ਗੁਰੂ ਦੇ ਕੋਆਰਡੀਨੇਟਰ ਡਾ. ਲਖਵਿੰਦਰ ਸਿੰਘ ਬੰਡਾਲਾ ਤੇ ਉਹਨਾਂ ਦੇ ਸਾਥੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਤੇ ਬਲਾਕ ਜੰਡਿਆਲਾ ਗੁਰੂ ਦੇ ਖੇਤੀਬਾੜੀ ਅਫਸਰ ਡਾ. ਭੁਪਿੰਦਰ ਸਿੰਘ, ਇੰਜੀ ਬਲਜੀਤ ਸਿੰਘ ਜੰਮੂ ਐਮਬੀਐਸ ਰਿਜੋਰਟ ਵਾਲੇ, ਪਿੰਡ ਮਾਨਾਂਵਾਲਾ ਦੇ ਸਰਪੰਚ ਸੁਖਰਾਜ ਸਿੰਘ ਰੰਧਾਵਾ, ਚੇਅਰਮੈਨ ਗੁਰਭੇਜ ਸਿੰਘ ਵਡਾਲਾ ਜੌਹਲ, ਪਿੰਡ ਸਫੀਪੁਰ ਦੇ ਸਰਪੰਚ ਦਿਲਬਾਗ ਸਿੰਘ, ਕੁਲਦੀਪ ਸਿੰਘ ਬਾਠ, ਤਰਸੇਮ ਸਿੰਘ ਸਫੀਪੁਰਾ, ਅਵਤਾਰ ਸਿੰਘ ਟੱਕਰ ਜਾਣੀਆਂ, ਸਰਪੰਚ ਜਗਜੀਤ ਸਿੰਘ ਜੋਗੀ, ਸਾਬਕਾ ਚੇਅਰਮੈਨ ਕਸ਼ਮੀਰ ਸਿੰਘ ਜਾਣੀਆਂ, ਰਾਜਬੀਰ ਸਿੰਘ ਵਡਾਲੀ ਡੋਗਰਾਂ, ਪ੍ਰਧਾਨ ਨਵਤੇਜ ਸਿੰਘ ਅਮਰਕੋਟ, ਪਰਮਿੰਦਰ ਸਿੰਘ ਪੰਨਾ ਗਹਿਰੀ ਮੰਡੀ, ਸਰਪੰਚ ਸਰਪ੍ਰੀਤ ਸਿੰਘ ਸਰਕਾਰੀਆ ਅਕਾਲਗੜ੍ਹ ਢਪੱਈਆਂ, ਸੁਪਨਦੀਪ ਸਿੰਘ ਸਾਹਬੀ ਖਾਨਕੋਟ, ਵਰਿੰਦਰਜੀਤ ਸਿੰਘ ਢੋਟ ਮਾਲੋਵਾਲ, ਇੰਜੀ ਕਰਨਬੀਰ ਸਿੰਘ ਥਿੰਦ, ਡਾਕਟਰ ਦਲੇਰ ਸਿੰਘ ਜੌਹਲ, ਡਾਇਰੈਕਟਰ ਸੁਖਜੀਤ ਸਿੰਘ ਥਿੰਦ, ਡਾਇਰੈਕਟਰ ਇਕਬਾਲ ਸਿੰਘ ਨਵਾਂ ਪਿੰਡ, ਪੀਏ ਗੁਰਪ੍ਰੀਤ ਸਿੰਘ ਗੋਪੀ ਤੇ ਹੋਰ ਵੀ ਇਲਾਕੇ ਦੀਆਂ ਕਈ ਨਾਮਵਰ ਸ਼ਖਸੀਅਤਾਂ, ਸਮਾਜ ਸੇਵੀ ਸੰਸਥਾਵਾਂ, ਤੇ ਵਾਤਾਵਰਨ ਪ੍ਰੇਮੀਆਂ ਨੇ ਲੋਕਾਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਦਗੀ ਦੀ ਕੀਮਤ ਨੂੰ ਸਮਝਦਿਆਂ ਹੋਇਆਂ ਵੱਧ ਤੋਂ ਵੱਧ ਬੂਟੇ ਲਗਾਉਣ ਤਾਂ ਕਿ ਵੱਧ ਰਹੀ ਆਲਮੀ ਤਪਸ਼ ਤੇ ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਇਆ ਜਾ ਸਕੇ।

# ਪੰਜਾਬ ਸਰਕਾਰ ਬਿਜਲੀ ਦਰਾਂ 'ਚ ਕੀਤਾ ਵਾਧਾ ਤੁਰੰਤ ਵਾਪਸ ਲਵੇ: ਕਾਂਝਲਾ, ਜਿੰਦਲ ਜੱਗਾ, ਨੀਲੂ ਮਿੱਤਲ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਸਰਕਾਰ ਵੱਲੋਂ ਬਿਜਲੀ ਦਰਾਂ ਵਿੱਚ ਵਾਧਾ ਕਰਕੇ ਰਾਜ ਦੇ ਲੋਕਾਂ 'ਤੇ ਬੇਲੋੜਾ ਅਤੇ ਵਾਧੂ ਬੋਝ ਪਾਉਣ ਦੇ ਲੋਕ ਵਿਰੋਧੀ ਫੈਸਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਸਰਕਾਰ ਇਸ ਵਾਧੇ ਨੂੰ ਫੌਰੀ ਤੌਰ 'ਤੇ ਵਾਪਸ ਲਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਜਗਦੇਵ ਜਿੰਦਲ ਜੱਗਾ, ਕ੍ਰਿਸਨ ਗੋਪਾਲ ਨੀਲੂ ਮਿੱਤਲ ਅਤੇ ਬੀਜੇਪੀ ਦੇ ਬਲਾਕ ਪ੍ਰਧਾਨ ਬਸੰਤ ਕੁਮਾਰ ਕਾਂਝਲਾ ਨੇ ਕੀਤਾ। ਉਨ੍ਹਾਂ ਕਿਹਾ ਪੰਜਾਬ ਦੇ ਲੋਕ ਪਹਿਲਾਂ ਹੀ ਆਰਥਿਕ ਮੰਦੀ ਦੀ ਮਾਰ ਝੱਲ ਰਹੇ ਹਨ ਅਤੇ ਅਜਿਹੀ ਸਥਿਤੀ ਵਿੱਚ ਬਿਜਲੀ ਦਰਾਂ ਵਿੱਚ ਕੀਤਾ ਜਾਣ ਵਾਲਾ ਵਾਧਾ ਲੋਕਾਂ ਦੀ ਰੋਜਮਰਾ ਦੇ ਬਜਟ ਨੂੰ ਕਾਫੀ ਪ੍ਰਭਾਵਿਤ ਕਰੇਗਾ। ਇਸ ਤੋਂ ਇਲਾਵਾ ਇਨ੍ਹਾਂ ਬਿਜਲੀ ਦਰਾਂ ਦੇ ਵਾਧੇ ਨਾਲ ਸੂਬੇ ਦੀ ਇਡਸਟਰੀ 'ਤੇ ਵੀ ਕਾਫੀ ਮਾੜਾ ਪ੍ਰਭਾਵ ਪਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਪੰਜਾਬ ਦੇ ਸਨਅਤਕਾਰ ਆਪਣੀ ਇਡਸਟਰੀ ਨੂੰ ਬਾਹਰੀ ਸੂਬਿਆਂ ਵਿਚ ਲਗਾ ਰਹੇ ਹਨ ਅਤੇ ਅਜਿਹੇ ਹਾਲਤ ਵਿੱਚ ਪੰਜਾਬ ਸਰਕਾਰ ਨੂੰ ਸੂਬੇ ਵਿੱਚ ਉਦਯੋਗ ਲਈ ਸਨਅਤਕਾਰਾਂ ਨੂੰ ਵਧੇਰੇ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ, ਪਰ ਸੂਬਾ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ। ਉਨ੍ਹਾਂ ਕਿਹਾ ਕਿ ਇੰਡਸਟਰੀ ਲਈ ਬਿਜਲੀ ਦਰਾਂ ਵਿੱਚ ਕੀਤੇ ਵਾਧੇ ਕਾਰਨ ਉਤਪਾਦਨ ਵਾਲੇ ਮਾਲ ਦੀਆਂ ਕੀਮਤਾਂ ਵਿੱਚ ਵਾਧਾ ਹੋਵੇਗਾ। ਜਿਸ ਦੀ ਪੂਰਤੀ ਸਨਅਤਕਾਰ ਆਮ ਲੋਕਾਂ ਦੀਆਂ ਜੇਬਾ ਵਿੱਚੋਂ ਹੀ ਕਰਨਗੇ ਜਿਸ ਨਾਲ ਆਮ ਲੋਕਾਂ ਦੀ ਆਰਥਿਕ ਲੁੱਟ ਹੋਰ ਵੀ ਵੱਧ ਜਾਵੇਗੀ।

## ਜਨਮ ਦਿਨ ਮੁਬਾਰਕ



**ਸ਼ੁਭਰਾਜ ਸਿੰਘ**
ਪਿਤਾ- ਉਪਕਾਰਦੀਪ ਸਿੰਘ
ਮਾਤਾ- ਬਿੰਦੂ
ਪਤਾ - ਖੱਬੇ ਰਾਜਪੂਤਾਂ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243